# ਅੰਮ੍ਰਿਤ ਕੀਰਤਨ

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਮੁੱਲ : 10 ਰੁਪਏ ਅਪ੍ਰੈਲ, 1996



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 4 ਸਾਲ ਅੱਠਵਾਂ ਅਪ੍ਰੈਲ 1996



ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.

ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਨ ਸਿੰਘ ਸੋਮਲ

ਸ. ਜੋਤਿੰਦਰ ਸਿੰਘ ਸੋਹਲ

ਸ੍ਰ. ਹਰਭਜਨ ਸਿੰਘ ਚੋਪੜਾ

ਪ੍ਰੋ. ਸਤਵਿੰਦਰ ਸਿੰਘ

ਸ੍ਰ. ਕੇ. ਐਸ. ਚੁਘ

ਚਿੱਤਰਕਾਰ

ਗੁਰਦੀਪ ਸਿੰਘ ਦੀਪ



ਮਿਤ੍ਰ ਅਸਾਡੜੇ ਸੇਈ 2

ਕਰਉ ਬੇਨੰਤੀਆ 3

ਪ੍ਰੋ: ਕਰਤਾਰ ਸਿੰਘ
-ਹਰਭਜਨ ਸਿੰਘ ਚੋਪੜਾ 4

ਗੁਰਮੁਖ ਸ਼ਖਸੀਅਤ ਪ੍ਰੋਫੈਸਰ ਕਰਤਾਰ ਸਿੰਘ
-ਰਸ਼ਪਾਲ ਸਿੰਘ 6

ਮਧੁਰ ਸੁਰ ਦੇ ਕੀਰਤਨੀਏ ਗਿ: ਗੁਰਚਰਨ ਸਿੰਘ 'ਚਰਨ'
-ਸੁਰਜੀਤ ਸਿੰਘ ਮਰਜਾਰਾ 11

ਸਿਖ ਅਰਦਾਸ ਦਾ ਸਰੂਪ
-ਡਾ. ਜਸਵੰਤ ਸਿੰਘ ਨੇਕੀ 13

ਸਾਧ ਸੰਗਤ
-ਡਾ. ਸੁਰਜੀਤ ਸਿੰਘ ਕੁੰਜਾਹੀ 16

ਸੰਗੀਤ ਲਿਪੀ ਚਿੰਨ੍ਹ 20

ਸੁਰ ਲਿਪੀ - ਗਉੜੀ ਭੀ ਸੋਰਠਿ ਭੀ
-ਪ੍ਰੋ: ਤਾਰਾ ਸਿੰਘ 21

ਸੁਰ ਲਿਪੀ - ਰਾਗ ਬਿਲਾਬਲ
-ਪ੍ਰੋ: ਦਿਆਲ ਸਿੰਘ 22

ਨੋਟੇਸ਼ਨ-ਵਾਲੇ ਸ਼ਬਦਾਂ ਦੇ ਅਰਥ
-ਪ੍ਰੋ: ਸਾਹਿਬ ਸਿੰਘ ਜੀ 23

ਕੀਰਤਨ ਸਮਾਚਾਰ 24



**ਚੰਦੇ ਦਾ ਵੇਰਵਾ :**

| | |
|---|---|
| ਇਕ ਕਾਪੀ | 10/- |
| ਸਲਾਨਾ | 100/- |
| ਜੀਵਨ ਮੈਂਬਰ | 1000/- |
| ਵਿਦੇਸ਼ ਸਲਾਨਾ | 500/- |
| ਜੀਵਨ ਮੈਂਬਰ | 5000.- |

**ਚਿੱਠੀ ਪੱਤਰ ਲਈ ਪਤਾ :**

ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
45452



**ਇਸ਼ਤਿਹਾਰਾਂ ਦਾ ਵੇਰਵਾ**

| | |
|---|---|
| ਪਿਛਲਾ ਕਵਰ | 2000 |
| ਕਵਰ ਦੇ ਅੰਦਰਲੇ ਪੰਨੇ | 1500 |
| ਸਧਾਰਨ ਪੂਰਾ ਪੰਨਾ | 1000 |
| ਸਧਾਰਨ ਅੱਧਾ ਪੰਨਾ | 500 |
| ਸਧਾਰਨ ਚੌਥਾਈ ਪੰਨਾ | 250 |

■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ।

■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

# ਮਿਤ੍ਰ ਅਸਾਡੜੇ ਸੇਈ .....

■ 'ਅੰਮ੍ਰਿਤ ਕੀਰਤਨ' ਪੜ੍ਹ ਕੇ ਬੜੀ ਖੁਸ਼ੀ ਹੋਈ । ਇਸ ਵਿੱਚ ਦਿੱਤੀ ਰਾਗ ਬਸੰਤ ਦੀ ਨੋਟੇਸ਼ਨ ਦੀ ਵੀ ਕੁਝ ਸੋਝੀ ਹੋਈ । ਪਤਰਕਾ ਭੇਜਦੇ ਰਹਿਣਾ । ਚੰਦਾ ਭੇਜ ਰਹੇ ਹਾਂ ।

ਲੁਧਿਆਣਾ — ਕਵਲ ਸਰੂਪ ਸਿੰਘ

■ 'ਅੰਮ੍ਰਿਤ ਕੀਰਤਨ' ਰਸਾਲਾ ਇੱਕ ਗੰਭੀਰ ਰਸਾਲਾ ਹੈ । ਵਾਹਿਗੁਰੂ ਇਸ ਨੂੰ ਚੜ੍ਹਦੀ ਕਲਾ ਬਖਸ਼ੇ !

ਗੰਗਾਨਗਰ (ਯੂ.ਪੀ) — ਦਰਸ਼ਨ ਸਿੰਘ ਕੂਕਾ

■ 'ਅੰਮ੍ਰਿਤ ਕੀਰਤਨ' ਵਿੱਚ ਨਵੇਂ ਨਵੇਂ ਕੀਰਤਨੀਆਂ ਦੀਆਂ ਜੀਵਨੀਆਂ ਪੜ੍ਹ ਕੇ ਮਨ ਬੜਾ ਖੁਸ਼ ਹੁੰਦਾ ਹੈ । ਵਾਹਿਗੁਰੂ ਇਸ ਨੂੰ ਦਿਨ ਦੂਣੀ ਰਾਤ ਚੌਗਣੀ ਸਫਲਤਾ ਬਖਸ਼ੇ ।

ਪੂਨਾ — ਮਹਿੰਦਰ ਸਿੰਘ ਨਿਰਮਾਣ

■ 'ਅੰਮ੍ਰਿਤ ਕੀਰਤਨ' ਰਾਹੀਂ ਜੋ ਆਪ ਗੁਰਮਤ ਸੰਗੀਤ ਦੀ ਜਾਣਕਾਰੀ ਦੇਣ ਦਾ ਉਪਰਾਲਾ ਕਰ ਰਹੇ ਹੋ ਉਹ ਬਹੁਤ ਸ਼ਲਾਘਾ ਯੋਗ ਹੈ । ਆਪ ਗਿਆਨ ਹਾਸਲ ਕਰਨਾ ਅਤੇ ਫਿਰ ਉਸ ਗਿਆਨ ਨੂੰ ਵੰਡਣਾ ਇਹ ਵਿਰਲੇ ਹੀ ਕਰਦੇ ਹਨ । ਵਾਹਿਗੁਰੂ ਆਪ ਨੂੰ ਇਹ ਮਹਾਨ ਕਾਰਜ ਕਰਨ ਲਈ ਬਲ ਬਖਸ਼ਦਾ ਰਹੇ ।

ਅੰਮ੍ਰਿਤਸਰ — ਜਸਵਿੰਦਰ ਕੌਰ

■ 'ਅੰਮ੍ਰਿਤ ਕੀਰਤਨ' ਵਿੱਚ ਵੱਖ ਵੱਖ ਰਾਗਾਂ ਅਤੇ ਰਾਗੀਆਂ ਬਾਰੇ ਚੰਗੀ ਜਾਣਕਾਰੀ ਮਿਲਦੀ ਹੈ । ਨਵੀਂ ਪੀੜ੍ਹੀ ਨੂੰ ਪ੍ਰਚਾਰ ਦੀ ਬਹੁਤ ਲੋੜ ਹੈ ।

ਮੋਹਾਲੀ — ਕਾਕਾ ਹਰਬੰਸ ਸਿੰਘ

■ 'ਅੰਮ੍ਰਿਤ ਕੀਰਤਨ' ਵਿੱਚ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਹੋਰਾਂ ਬਾਰੇ ਲੇਖ ਬਹੁਤ ਪਸੰਦ ਆਇਆ । ਸ਼ੁਭ ਕਾਮਨਾਵਾਂ ਸਹਿਤ ।

ਕਰਨਾਲ — ਕੁਲਦੀਪ ਸਿੰਘ

■ 'ਅੰਮ੍ਰਿਤ ਕੀਰਤਨ' ਦਿਨੋ ਦਿਨ ਹਰਮਨ ਪਿਆਰਾ ਹੋ ਰਿਹਾ ਹੈ । ਇਸ ਦੀ ਚੜਦੀ ਕਲਾ ਲਈ ਅਰਦਾਸ ਕਰਦਾ ਹਾਂ ।

ਮਲੋਟ — ਅਰਵਿੰਦਰਪਾਲ ਸਿੰਘ

■ 'ਅੰਮ੍ਰਿਤ ਕੀਰਤਨ' ਰਸਾਲੇ ਨੇ ਮੇਰੇ ਮਨ ਵਿੱਚ ਕੀਰਤਨ ਕਰਨ ਦੀ ਇੱਛਾ ਪੈਦਾ ਕਰ ਦਿੱਤੀ ਹੈ । ਹੁਣ ਸਿੱਖਣ ਦੀ ਕੋਸ਼ਿਸ਼ ਕਰ ਰਿਹਾ ਹਾਂ ।

ਸਿੰਦਰੀ (ਬਿਹਾਰ) — ਦਲਜੀਤ ਸਿੰਘ

■ 'ਅੰਮ੍ਰਿਤ ਕੀਰਤਨ' ਵਿੱਚ ਨਵੇਂ ਵਿਸ਼ੇ ਛਪ ਰਹੇ ਹਨ । ਮੁਬਾਰਕ ! ਫਰਵਰੀ ਦੇ ਅੰਕ ਵਿੱਚ 'ਰੁਤ ਫਿਰੀ ਵਣ ਕੰਬਿਆ' ਪੜ੍ਹਿਆ । ਹਰ ਸੂਝਵਾਨ ਗੁਰਸਿੱਖ ਪੰਥ ਦੀ ਨਵੀਂ ਪਨੀਰੀ ਬਾਰੇ ਚਿੰਤਤ ਹੈ । ਇਹ ਕੌਮ ਦੀ ਦੁਖਦੀ ਰਗ ਹੈ ਅਤੇ ਹਰ ਗੁਰਸਿੱਖ ਦਾ ਦੁਖਾਂਤ । ਇਹ ਇਕੱਲੇ ਆਪ ਦੀ ਵੇਦਨਾ ਨਹੀਂ । ਘਰ-ਘਰ ਅੱਗ ਹੈ ।

ਬਹੁਤੇ ਸਿੱਖ ਮਾਪਿਆਂ ਨੂੰ ਇਸ ਗੱਲ ਦੀ ਲਗਨ ਨਹੀਂ ਹੈ ਜੋ ਉਹਨਾਂ ਦੇ ਬੱਚੇ ਨੇਕ ਗੁਰ ਸਿੱਖ ਹੋਣ । ਉਹ ਤਾਂ ਆਪ ਹੀ ਨਾਲ ਬੈਠ ਕੇ ਟੀ.ਵੀ. ਤੇ ਨਜ਼ਾਰੇ ਲੈਂਦੇ ਹਨ ਜਾਂ ਮਾਇਆ ਦੀ ਦੌੜ ਵਿੱਚ ਲੱਗੇ ਰਹਿੰਦੇ ਹਨ । ਬੱਚਿਆਂ ਵੱਲੋਂ ਅਸੀਂ ਪੂਰਨ ਅਵੇਸਲੇ ਹੁੰਦੇ ਜਾਂਦੇ ਹਾਂ ।

ਆਪ ਵਾਂਗੂ ਬਚਪਨ ਦੀ ਯਾਦ ਹੁਣ ਵੀ ਟੁੰਬਦੀ ਹੈ । ਕੇਵਲ ਐਤਵਾਰ ਸ਼ਾਮ ਨੂੰ ਗੁਰਦੁਆਰੇ 'ਦੀਵਾਨ ਸਜਦਾ ਸੀ । ਪਿਤਾ ਜੀ ਸਦਾ ਉਂਗਲ ਫੜ ਕੇ ਨਾਲ ਲੈ ਜਾਂਦੇ । ਜੋਟੀਆਂ ਵਾਲੇ ਸ਼ਬਦ ਪੜ੍ਹੇ ਜਾਂਦੇ । ਸਾਰਿਆਂ ਦੀ ਰਸਨਾ ਪਵਿੱਤ੍ਰ ਹੁੰਦੀ ਤੇ ਗੁਰਬਾਣੀ ਕੰਠ । ਹੁਣ ਵੀ ਸਤਿਗੁਰੂ ਆਪ ਬਹੁੜੀ ਕਰਨ। "ਭੂਲੇ ਚੂਕੇ ਮਾਰਗਿ ਪਾਵਹਿ ।"

ਸਿੱਖੀ ਦਾ "ਕੋਈ ਹਰਿਆ ਬੂਟ" ਤਾਂ ਅਵੱਸ਼ ਰਹੇਗਾ ਤੇ ਵਕਤ ਆਣ ਤੇ "ਦਹਦਿਸਿ ਸਾਖ ਹਰੀ ਹਰੀਆਵਲ" ਗੁਰੂ ਫਰਮਾਨ ਹੈ । ਇਹ ਉਹਦਾ ਬਿਰਦ ਹੈ । ਸਾਡਾ ਨਿਸ਼ਚਾ ਹੈ ।

'ਸਰਬੱਤ ਦਾ ਭਲਾ'

■ ਸਿੱਖ ਬੁੱਕ ਸੈਂਟਰ, ਲੁਧਿਆਣਾ — ਹਰਭਜਨ ਸਿੰਘ

Your Editorials with their blatant frankness and boldness in analyzing the present situation of the community/ 'Panth, give rise to hope that someday some people at the helm of affairs will acknowledge and find the cures to the maladies the community suffers from. I hope through magazines like AMRIT KIRTAN it will be sooner than later.

I would also request you to enlarge the scope of articles in the magazine so as to give it a wider base of readers.

At present it is small but well worth its weight. Wishing you and Amrit Kirtan well.

■ S.A.S Nagar — Amarjit Singh Rattan
Guru Nanak VBT Polytechnic

## ਐਸਾ ਕੀਰਤਨ ਕਰ ਮਨ ਮੇਰੇ

ਨਵੀਆਂ-ਨਵੀਆਂ ਤਕਨੀਕਾਂ ਨਾਲ ਤਿਆਰ ਕੀਤੀਆਂ ਜਾ ਰਹੀਆਂ ਆਡਿਓ/ਵੀਡੀਓ ਕੈਸਟਾਂ ਅਤੇ ਕੰਪੈਕਟ ਡਿਸਕਾਂ ਨਾਲ ਜਿਥੇ ਕੀਰਤਨ ਹਰਮਨ ਪਿਆਰਾ ਹੋ ਰਿਹਾ ਹੈ ਉਥੇ ਇਸ ਦੇ ਸਹੀ ਸਰੂਪ ਨੂੰ ਸੰਭਾਲਣ ਦੀ ਹੋਰ ਵੀ ਵਧੇਰੇ ਲੋੜ ਬਣ ਗਈ ਹੈ । ਕੈਸਟ ਕੰਪਨੀਆਂ ਆਪਣੇ ਵਪਾਰ ਨੂੰ ਧਿਆਨ ਵਿੱਚ ਰੱਖ ਕੇ ਬਹੁਤ ਸਧਾਰਨ ਪੱਧਰ ਦੇ ਕੀਰਤਨ ਦੀਆਂ ਕੈਸਟਾਂ ਤਿਆਰ ਕਰਦੀਆਂ ਹਨ । ਇਹ ਕੰਪਨੀਆਂ ਜਿਹੜੀਆਂ ਕੈਸਟਾਂ ਵਧੇਰੇ ਵਿਕਣ ਉਹਨਾਂ ਕੈਸਟਾਂ ਵਾਲੇ ਕੀਰਤਨ ਰੂਪ ਨੂੰ ਹੀ ਪ੍ਰਚਾਰਦੀਆਂ ਹਨ । ਇਹ ਜ਼ਰੂਰੀ ਨਹੀਂ ਕਿ ਜਿਹੜੀ ਵਸਤੂ ਦੀ ਵਿਕਰੀ ਵਧੇਰੇ ਹੋਵੇ ਉਹ ਮਿਆਰੀ ਵੀ ਹੋਵੇ । ਕਈ ਵਾਰ ਗੈਰ ਮਿਆਰੀ ਵਸਤੂ ਦੀ ਵਿਕਰੀ ਵਧੇਰੇ ਹੋ ਜਾਂਦੀ ਹੈ । ਬਹੁਤੇ ਦੁਕਾਨਦਾਰ ਆਪਣੀ ਨਕਲੀ ਵਸਤ ਨੂੰ ਵੇਚਣ ਲਈ ਵਧੇਰੇ ਜਤਨ ਕਰਦੇ ਹਨ ਕਿਉਂਕਿ ਇਸ ਵਿੱਚ ਉਹਨਾਂ ਨੂੰ ਮੁਨਾਫਾ ਵਧੇਰੇ ਹੁੰਦਾ ਹੈ ।

ਇਸ ਵਪਾਰਕ ਰੋਲ-ਘਚੋਲੇ ਵਿੱਚ ਕੀਰਤਨ ਦਾ ਮਿਆਰੀ ਰੂਪ ਤਾਂ ਕੀ ਪ੍ਰਚਲਤ ਹੋਣਾ ਸੀ ਸਗੋਂ ਗੁਰਬਾਣੀ ਦੀ ਥਾਂ ਸਧਾਰਨ ਤੁਕਬੰਦੀ ਨੂੰ ਕੀਰਤਨ ਵਾਂਗ ਗਾਇਆ ਜਾਣ ਲੱਗ ਪਿਆ ਅਤੇ ਕੰਪਨੀਆਂ ਨੇ ਇਹਨਾਂ ਦੀ ਮਸ਼ਹੂਰੀ ਵੀ ਬਹੁਤ ਕੀਤੀ । ਲਗਭਗ ਸਾਰੇ ਹੀ ਨਾਮਵਰ ਕੀਰਤਨੀਆਂ ਨੇ ਮਾਇਆ ਕਮਾਉਣ ਦੇ ਲਾਲਚ ਵਿੱਚ ਇਸ ਤਰ੍ਹਾਂ ਦੇ ਗੀਤ ਗਾਏ । ਪਿੱਛੇ ਜਿਹੇ ਤਾਂ ਅਜਿਹੇ ਗੀਤਾਂ ਦਾ ਹੜ ਹੀ ਆ ਗਿਆ । ਇੱਕ ਕੀਰਤਨੀਏ ਨੇ ਤਾਂ ਇਹ ਕਹਿਣਾ ਸ਼ੁਰੂ ਕਰ ਦਿੱਤਾ "ਕਚੀ ਬਾਣੀ ਗਾਉਣ ਲਈ ਲੱਖ ਰੁਪਏ ਅਤੇ ਪੱਕੀ ਬਾਣੀ ਦੇ ਪੰਜਾਹ ਹਜ਼ਾਰ ਲੈ ਲਵਾਂਗਾ ।" ਯਾਅਨੀ ਗੁਰਬਾਣੀ ਕੱਚੀ ਬਾਣੀ ਨਾਲੋਂ ਸਸਤੀ ਕਰ ਦਿੱਤੀ ।

ਤਸੱਲੀ ਦੀ ਗੱਲ ਹੈ ਕਿ ਇਸ ਮਾੜੀ ਪਿਰਤ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨੋਟਿਸ ਲਿਆ ਅਤੇ ਇਸ ਬਾਰੇ ਉਹਨਾਂ ਮਿਤੀ 29.11.95 ਨੂੰ ਹੇਠ ਲਿਖਿਆ ਮਤਾ ਪਾਸ ਕੀਤਾ :

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਜਨਰਲ ਅਜਲਾਸ ਗੁਰਮਤਿ ਦੇ ਪ੍ਰਚਾਰ ਦੇ ਨਾਮ ਤੇ ਫਿਲਮੀ ਤਰਜ਼ਾਂ ਤੇ ਕੀਰਤਨ ਕਰਨ ਅਤੇ ਕਵਿਤਾਵਾਂ ਅਤੇ ਤੁਕ-ਬੰਦੀ ਦੇ ਰੂਪ ਵਿੱਚ ਕੱਚੀ ਬਾਣੀ ਦੀਆਂ ਕੈਸਟਾਂ ਰੀਕਾਰਡ ਕਰਵਾਏ ਜਾਣ ਦਾ ਗੰਭੀਰ ਨੋਟਿਸ ਲੈਂਦਾ ਹੈ । ਗੁਰਮਤਿ ਕੀਰਤਨ ਕੇਵਲ ਗੁਰਬਾਣੀ ਦਾ ਪ੍ਰਵਾਨਤ ਰਾਗਾਂ ਵਿੱਚ ਹੀ ਹੋਣਾ ਚਾਹੀਦਾ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਜਨਰਲ ਅਜਲਾਸ ਇਸ ਗੁਰਮਤਿ ਵਿਰੋਧੀ ਰੁਝਾਨ ਤੋਂ ਸਿੱਖ ਸੰਗਤਾਂ ਨੂੰ ਸੁਚੇਤ ਕਰਦਾ ਹੋਇਆ ਸਮੂਹ ਧਾਰਮਿਕ ਅਤੇ ਗੁਰਦੁਆਰਾ ਕਮੇਟੀਆ ਨੂੰ ਅਪੀਲ ਕਰਦਾ ਹੈ ਕਿ ਇਸ ਰੁਝਾਨ ਨੂੰ ਠਲ੍ਹ ਪਾਉਣ ਲਈ ਗੰਭੀਰਤਾ ਨਾਲ ਉਪਰਾਲੇ ਕੀਤੇ ਜਾਣ ਅਤੇ ਪੰਥਕ/ਧਾਰਮਿਕ ਸਮਾਗਮਾਂ ਵਿੱਚ ਅਜਿਹੇ ਲੋਕਾਂ ਨੂੰ ਨਿਰਉਤਸਾਹਤ ਕੀਤਾ ਜਾਵੇ ।**

ਉਪਰੋਕਤ ਦੀ ਲੋਅ ਵਿੱਚ ਕਲਾਸੀਕਲ ਕੀਰਤਨ ਕਰਨ ਵਾਲਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਸਧਾਰਨ ਮਨੁੱਖ ਨੂੰ ਧਿਆਨ ਵਿੱਚ ਰੱਖ ਕੇ ਕੀਰਤਨ ਕਰਨ । ਰਾਗਦਾਰੀ ਦੀਆਂ ਬੇਲੋੜੀਆਂ ਕਲਾਬਾਜ਼ੀਆਂ ਤੋਂ ਰਹਿਤ, ਸਹਿਜ ਅਤੇ ਸੰਜਮ ਭਰਪੂਰ ਸਾਜ਼ਾਂ ਨਾਲ ਕੀਰਤਨ ਕਰਨ । ਸ਼ਬਦਾਂ ਦਾ ਉਚਾਰਨ ਸਪਸ਼ਟ ਹੋਵੇ । ਪਿੱਛੇ ਜਿਹੇ ਮੈਗਨਾਸਾਊਂਡ ਅਤੇ ਮਿਊਜ਼ਿਕ ਟੁਡੇ ਵਲੋਂ ਕੁਝ ਚੰਗੀਆਂ ਕੀਰਤਨ-ਕੈਸਟਾਂ ਕੱਢੀਆਂ ਗਈਆਂ ਹਨ । ਉਹਨਾਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ ।

ਅੰਮ੍ਰਿਤ ਕੀਰਤਨ ਰਾਹੀਂ ਅਸੀਂ ਮਿਆਰੀ ਕੀਰਤਨ ਦਾ ਪ੍ਰਚਾਰ ਕਰਨਾ ਚਾਹੁੰਦੇ ਹਾਂ । ਪਰ ਇਸ ਵਿੱਚ ਅਸੀਂ ਆਪਣੇ ਪਾਠਕਾਂ ਦੇ ਯੋਗਦਾਨ ਦੀ ਵੀ ਤਵੱਕੋਂ ਕਰਦੇ ਹਾਂ । ਪਾਠਕ ਕੀਰਤਨ ਕੈਸਟਾਂ ਬਾਰੇ ਅਤੇ ਵੱਖ ਵੱਖ ਕੀਰਤਨੀਆਂ ਦੇ ਕੀਰਤਨ ਬਾਰੇ ਆਪਣੇ ਵਿਚਾਰ ਸਾਨੂੰ ਭੇਜਦੇ ਰਹਿਣ ।

ਤੁਹਾਡੇ ਸਹਿਯੋਗ ਨਾਲ ਪਿਛਲੇ ਕੁਝ ਸਮੇਂ ਤੋਂ ਅਸੀਂ ਅੰਮ੍ਰਿਤ ਕੀਰਤਨ ਦੀ ਛਪਾਈ ਦਾ ਪੱਧਰ ਉੱਚਾ ਚੁੱਕਣ ਦਾ ਜਤਨ ਕਰ ਰਹੇ ਹਾਂ । ਪਹਿਲਾਂ ਇਸ ਦਾ ਆਕਾਰ ਵੱਡਾ ਕੀਤਾ ਹੈ । ਹੁਣ ਇਸ ਨੂੰ ਆਫ ਸੈਟ ਤੇ ਛਾਪਣ ਦਾ ਜਤਨ ਕਰ ਰਹੇ ਹਾਂ । ਇਸ ਨਾਲ ਖਰਚੇ ਵਧ ਰਹੇ ਹਨ । ਪਰ ਸਾਨੂੰ ਵਿਸ਼ਵਾਸ ਹੈ ਕਿ ਸਾਡੇ ਸੁਹਿਰਦ ਪਾਠਕ, ਸਰਪ੍ਰਸਤ ਅਤੇ ਸੰਸਥਾਵਾਂ ਸਾਨੂੰ ਹੋਰ ਸਹਿਯੋਗ ਦੇਣਗੀਆਂ ਅਤੇ ਇਹ ਪਰਚਾ ਜਿਵੇਂ ਪਿਛਲੇ ਸੱਤ ਸਾਲ ਨਿਰੰਤਰ ਚਲਦਾ ਆਇਆ ਹੈ, ਅੱਗੋਂ ਵੀ ਹਰ ਮਹੀਨੇ ਤੁਹਾਨੂੰ ਫਤਹਿ ਗਜਾਉਂਦਾ ਰਹੇਗਾ ।

ਤੁਹਾਡੇ ਵਿਚਾਰਾਂ ਦੀ ਸਾਨੂੰ ਸਦਾ ਉਡੀਕ ਰਹਿੰਦੀ ਹੈ ।

# "ਪ੍ਰੋ. ਕਰਤਾਰ ਸਿੰਘ ਜੀ"

ਹਰਭਜਨ ਸਿੰਘ ਚੋਪੜਾ

ਪ੍ਰੋਫੈਸਰ ਕਰਤਾਰ ਸਿੰਘ ਜੀ ਦਾ ਜਨਮ 3 ਫਰਵਰੀ 1904 ਨੂੰ ਹੋਇਆ । ਆਪ ਦੇ ਪਿਤਾ ਸ੍ਰ. ਹਜ਼ੂਰਾ ਸਿੰਘ ਜੀ, ਇੰਜਨੀਅਰ ਤੇ ਕਾਨਟ੍ਰੈਕਟਰ ਬਚਪਨ ਤੋਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਬਾਲ ਸਖਾਈ ਅਤੇ ਚੀਫ ਖ਼ਾਲਸਾ ਦੀਵਾਨ ਦੇ ਬਾਨੀ ਮੈਂਬਰਾਂ ਵਿੱਚੋਂ ਸਨ । ਪ੍ਰੋ: ਕਰਤਾਰ ਸਿੰਘ ਜੀ ਨੇ ਵੀ ਆਪਣੀਆਂ ਨਿੱਜੀ ਕੀਤੀਆਂ ਸੇਵਾਵਾਂ ਨੂੰ ਚੀਫ ਖ਼ਾਲਸਾ ਦੀਵਾਨ ਨੂੰ ਸਮਰਪਨ ਕੀਤੀ ਰਖਿਆ । ਉਨ੍ਹਾਂ ਦੇ ਪਰਿਵਾਰ 'ਚੋਂ ਕਦੀ ਕਿਸੇ ਲੜਕੇ ਨੇ ਪੁਛਣਾ ਕਿ " ਪਾਪਾ ਜੀ ਤੁਸੀਂ ਜੋ ਸੇਵਾ ਆਪ ਜਾਂ ਆਪਨੇ ਵਲੋਂ ਕਰਦੇ ਹੋ ਤਾਂ ਉਸ ਨੂੰ ਵੀ ਚੀਫ ਖ਼ਾਲਸਾ ਦੀਵਾਨ ਵਲੋਂ ਹੋਈ ਸੇਵਾ ਦਾ ਰੂਪ ਦੇ ਦੇਂਦੇ ਹੋ ।" ਉਤਰ ਵਿੱਚ ਉਨ੍ਹਾਂ ਨੇ ਹਸਕੇ ਕਹਿ ਦੇਂਣਾ ਕਿ 'ਜੇ ਨਿਜੀ ਕੀਤੀ ਸੇਵਾ ਕਿਸੀ ਸੁਚੱਜੀ ਸੰਸਥਾ ਵਿੱਚੋਂ ਲੰਘਾ ਦਿੱਤੀ ਜਾਵੇ ਤਾਂ ਆਪਣੇ ਆਪ ਨੂੰ ਹਉਮੈ ਦੀ ਲੇਸ ਤੋਂ ਬਚਾ ਲਈਦਾ ਹੈ । ਸੇਵਾ ਕਰਕੇ ਇਸ ਸੇਵਾ ਦਾ ਸੇਹਰਾ ਕਿਸੇ ਹੋਰ ਵਿਅਕਤੀ ਜਾਂ ਸੰਸਥਾ ਦੇ ਗਲ ਪਾ ਕੇ ਆਪ ਸੁਰਖਰੂ ਹੋ ਲਈਦਾ ਹੈ ।"

ਆਪ ਜੀ ਨੇ ਲਖਨਊ ਯੂਨੀਵਰਸਿਟੀ ਤੋਂ B.Com. ਕਰਨ ਉਪਰੰਤ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਇੱਕ ਅਧਿਆਪਕ ਦੇ ਤੌਰ ਤੇ ਆਪਣਾ ਸਰਵਿਸ ਕੈਰੀਅਰ ਸ਼ੁਰੂ ਕੀਤਾ । ਫਿਰ ਗੌਰਮਿੰਟ ਕਾਲਜ ਲੁਧਿਆਣੇ ਵਿਖੇ ਪੋਸਟਿੰਗ ਹੋ ਗਈ ਅਤੇ ਇਸ ਦੌਰਾਨ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ M.A. in Economics ਅਤੇ Political Science ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ । ਸੰਨ 1939 ਵਿੱਚ ਇਨ੍ਹਾਂ ਦੀ ਬਦਲੀ ਲੁਧਿਆਣੇ ਤੋਂ ਗੌਰਮਿੰਟ ਕਾਲਜ ਹੁਸ਼ਿਆਰਪੁਰ ਵਿਖੇ ਹੋ ਗਈ ਅਤੇ ਬਾਕੀ ਸਾਰਾ ਜੀਵਨ ਹੁਸ਼ਿਆਰਪੁਰ ਨਿਵਾਸੀ ਹੋ ਕੇ ਹੀ ਬਿਤਾਇਆ ।

ਪ੍ਰੋ: ਸਾਹਿਬ ਬਚਪਨ ਤੋਂ ਹੀ ਗੁਰਮਤ ਦੇ ਧਾਰਨੀ ਰਹੇ । ਇਨ੍ਹਾਂ ਦੇ 91 ਸਾਲ ਦੀ ਜੀਵਨ ਯਾਤਰਾ ਵਿੱਚ ਅਨੇਕਾਂ ਸਿਆਸੀ, ਸਮਾਜਕ ਝਖੜ ਝੂਲਦੇ ਦੇਖੇ ਪਰ ਆਪ ਗੁਰਮਤ ਦੇ ਆਸਰੇ ਇੱਕ ਬੁਢੇ ਬੋਹੜ ਵਾਂਗੂ ਅਡੋਲ ਰਹੇ ਅਤੇ ਗੁਰਮਤ ਦੀਆਂ ਧਾਰਨਾ ਤੇ ਪਹਿਰਾ ਦਿੱਤਾ ।

ਦੇਸ਼ ਦੇ ਬਟਵਾਰੇ ਸਮੇਂ 1947 ਵਿੱਚ ਅਨੇਕਾਂ ਉਜੜੇ ਪਰਿਵਾਰਾਂ ਦੀ ਬਗੈਰ ਕਿਸੇ ਵਿਤਕਰੇ ਤੋਂ ਅਤੁਟ ਸੇਵਾ ਕੀਤੀ । ਕਾਲਜ ਵਿੱਚ ਵੀ ਵਿਦਿਆਰਥੀਆਂ ਨੂੰ ਮਾਇਕ ਮਦਦ ਦਿਵਾਈ । ਅੱਜ ਵੀ ਪੰਜਾਬ ਯੂਨੀਵਰਸਿਟੀ ਅਤੇ ਗੌ. ਕਾਲਜਾਂ ਵਿੱਚੋਂ ਰੀਟਾਇਰ ਹੋ ਚੁੱਕੇ ਪ੍ਰੋਫੈਸਰ ਦੱਸਦੇ ਹਨ ਕਿ ਜੇ ਉਸ ਸਮੇਂ ਪ੍ਰੋ. ਕਰਤਾਰ ਸਿੰਘ ਪੰਜਾਬ ਯੂਨੀਵਰਸਿਟੀ ਕਾਲਜ ਹੁਸ਼ਿਆਰਪੁਰ ਵਿਖੇ ਨਾ ਹੁੰਦੇ ਤਾਂ ਸ਼ਾਇਦ ਉਹ ਉਚ ਪਦਵੀ ਦੀ ਵਿੱਦਿਆ ਹੀ ਪ੍ਰਾਪਤ ਨਾ ਕਰ ਸਕਦੇ ( ਮਾਇਕੀ ਹਾਲਤਾਂ ਕਾਰਨ ) ਅਤੇ ਇਨ੍ਹਾਂ ਪਦਵੀਆਂ ਤੇ ਨਾ ਪੁਜ ਸਕਦੇ । ਆਪ ਮਾਰਚ/ਅਪ੍ਰੈਲ 1947 ਵਿੱਚ ਆਪਣੀ ਜਾਨ ਹੀਲਕੇ ਹਿੰਦੂ, ਸਿੱਖਾਂ ਦੇ ਪਰਿਵਾਰ ਨਾਲ ਰਾਵਲਪਿੰਡੀ ਦੇ ਇਲਾਕਿਆਂ ਦਾ (ਥੋਹ੍ਹ ਖਾਲਸਾ ਪਿੰਡ) ਆਦਿ ਦੌਰਾ ਕੀਤਾ ਤੇ ਉਨ੍ਹਾਂ ਉਪਰ ਮੁਸਲਮ ਲੀਗ ਵਲੋਂ ਹੋਏ ਅਤਿਆਚਾਰ ਦਾ ਅੰਦਾਜ਼ਾ ਲਗਾ ਕੇ ਚੀਫ ਖ਼ਾਲਸਾ ਦੀਵਾਨ ਨੂੰ ਸੁਚੇਤ ਕੀਤਾ ਕਿ ਬਹੁਤ ਬੱਚੇ ਅਨਾਥ ਹੋ ਚੁੱਕੇ ਹਨ । ਉਨ੍ਹਾਂ ਦੇ ਮਾਤਾ ਪ੍ਰਿਤਾ ਕਤਲ ਕਰ ਦਿੱਤੇ ਗਏ ਹਨ । ਸੋ ਉਨ੍ਹਾਂ ਬੱਚਿਆਂ ਨੂੰ ਸੈਂਟਰਲ ਖ਼ਾਲਸਾ ਯਤੀਮਖਾਨੇ ਵਿੱਚ ਰੱਖਣ ਲਈ ਸਮੇਂ ਸਿਰ ਤਿਆਰੀ ਕਰ ਲੈਣ ।

ਕਈ ਵੱਡੀ ਉਮਰ ਦੇ ਉਨ੍ਹਾਂ ਦੇ ਗੂੜ੍ਹ ਮਿੱਤਰਾਂ ਵਿੱਚੋਂ ਹੋਏ ਹਨ । ਉਹ ਦਸਦੇ ਹਨ ਕਿ ਉਨ੍ਹਾਂ ਨੂੰ ਗੁਰਮਤ ਅਤੇ ਗੁਰਬਾਣੀ ਨਾਲ ਜੋੜਨ ਵਾਲਿਆਂ ਵਿੱਚੋਂ ਪ੍ਰੋ: ਕਰਤਾਰ ਜੀ ਦਾ ਬਹੁਤ ਵੱਡਾ (70-90%) ਹਿੱਸਾ ਹੈ । ਆਪ ਨਾਮ ਬਾਣੀ ਦੇ ਰਸੀਏ ਅਤੇ ਸ਼ਬਦ ਕੀਰਤਨ ਦੇ ਸ਼ੈਦਾਈ ਸਨ । ਕੋਈ 70 ਸਾਲ ਦੀ ਬਿਰਧ (ਪਰ ਨੌਜੁਆਨਾਂ ਨਾਲੋਂ ਵਧੇਰੀ ਉਤਸ਼ਾਹ ਜਨਕ) ਅਵਸਥਾ ਵਿੱਚ ਆਪ ਜੀ ਦਾ ਮਿਲਾਪ ਮਾਸਟਰ ਨਿਹਾਲ ਸਿੰਘ ਜੀ ਬੰਬਈ ਵਾਲਿਆਂ ਨਾਲ ਹੋਇਆ । ਮਾਸਟਰ ਜੀ ਦੇ ਕੀਰਤਨ ਸਿਖਲਾਈ ਦੇ ਢੰਗ ਤੋਂ ਪ੍ਰਭਾਵਤ ਹੋ ਕੇ ਆਪ ਨੇ ਮਾਸਟਰ ਜੀ ਪਾਸੋਂ ਕੀਰਤਨ ਸਿਖਲਾਈ ਦਾ ਢੰਗ ਸਿੱਖਿਆ ਅਤੇ ਉਸ ਤੋਂ ਬਾਦ ਜੀਵਨ ਪ੍ਰਯੰਤ ਸ਼ਬਦ ਕੀਰਤਨ ਦੀ ਸਿਖਲਾਈ ਦੀ ਸੇਵਾ ਕੀਤੀ । ਅਪਣੇ ਪਲਿਓਂ ਖਰਚਾ ਕਰਕੇ ਤੇ ਸਮਾਂ ਕਢ ਕੇ ਜਲੰਧਰ (ਗੁਰੂ ਨਾਨਕ ਮਿਸ਼ਨ ਦੇ ਅਤੇ

ਸੈਂਟ੍ਰਲ ਟਾਉਨ ਦੇ ਗੁਰਦੁਆਰਿਆਂ ਵਿੱਚ ਜਾ ਕੇ) ਸ਼ਬਦ ਕੀਰਤਨ ਦੀ ਦਾਤ ਵੰਡਦੇ ਰਹੇ । ਇੱਕ ਐਸਾ ਦ੍ਰਿਸ਼ ਵੀ ਦੇਖਣ ਵਿੱਚ ਆਇਆ ਕਿ ਕਲਾਸ ਵਿੱਚ 100 ਦੇ ਕਰੀਬ ਵਿਦਿਆਰਥੀ ਬੈਠੇ ਹਨ ਅਤੇ ਆਪ ਲਾਊਡ ਸਪੀਕਰ ਰਾਹੀਂ ਸ਼ਬਦ ਦੇ ਰਹੇ ਹਨ । ਕਈ ਵਾਰੀ ਇੱਕੋਂ ਸਮੇਂ ਤੇ ਹੁਸ਼ਿਆਰਪੁਰ, ਜਲੰਧਰ, ਲੁਧਿਆਣੇ ਆਦਿ ਕਲਾਸਾਂ ਲਗ ਜਾਂਦੀਆਂ । ਆਪ ਨੇ ਹਫਤੇ ਵਿੱਚ ਦੋ ਦੋ ਦਿਨ ਇਨ੍ਹਾਂ ਥਾਵਾਂ ਲਈ ਮਿਥ ਲੈਣੇ । ਇਥੋਂ ਤਕ ਕਿ ਬਸ ਆਦਿ ਕਿਰਾਇਆ ਵੀ ਪਲਿਓਂ ਖਰਚ ਕੇ ਸਿਖਲਾਈ ਦੇ ਨੀਯਤ ਅਸਥਾਨਾਂ ਤੇ ਪੁਜਣਾ । ਸ਼ਬਦ ਕੀਰਤਨ ਦੀਆਂ ਕਲਾਸਾਂ ਦੀ ਸਮਾਪਤੀ ਦੇ ਨੇੜੇ "ਅੰਮ੍ਰਿਤ ਪ੍ਰਚਾਰ ਸੰਚਾਰ ਦੀ ਵਡਿਆਈ ਦਰਸਾਂਦੇ । ਹੇਮਕੁੰਟ ਮਿਸ਼ਨ ਰਾਹੀਂ ਪ੍ਰੋ: ਸਾਹਿਬ ਨੇ ਅੰਮ੍ਰਿਤ ਪ੍ਰਚਾਰ ਅਤੇ ਸੰਚਾਰ ਦੀ ਬੜੇ ਚਾਅ ਨਾਲ ਨਿਸ਼ਕਾਮ ਸੇਵਾ ਕੀਤੀ ।

ਪ੍ਰੋ: ਕਰਤਾਰ ਸਿੰਘ ਦਾ ਜੀਵਨ ਇੱਕ ਬਹੁਪੱਖੀ ਸ਼ਖਸੀਅਤ ਵਾਲਾ ਹੋਇਆ ਹੈ । ਪੰਜਾਬੀ ਟ੍ਰਿਬਿਊਨ (11-5-95) ਨੇ "ਵਿੱਦਿਆ ਨੂੰ ਰੂਹਾਨੀ ਕੀਮਤਾਂ ਜੋੜਨ ਵਾਲੇ ਪ੍ਰੋ: ਕਰਤਾਰ ਸਿੰਘ" ਕਹਿਕੇ ਸ਼ਰਧਾਜਲੀ ਦਿੱਤੀ ਹੈ । ਚੀਫ ਖ਼ਾਲਸਾ ਦੀਵਾਨ ਨੇ ਇਨ੍ਹਾਂ ਨੂੰ ਆਪਣਾ ਪਿਤਾਮਾ ਕਹਿਕੇ ਸਤਿਕਾਰਿਆ ਹੈ । ਕੋਈ ਆਖਦਾ ਹੈ "ਇੱਕ ਸੰਸਥਾ ਸਨ ਪ੍ਰੋ: ਕਰਤਾਰ ਸਿੰਘ" ਅਤੇ ਕੋਈ ਇਨ੍ਹਾਂ ਦੇ ਵਿਛੋੜੇ ਦੇ ਅਥਰੂ ਕੇਰਦਾ ਕਹਿ ਰਿਹਾ ਹੈ "ਲਿਆਉ ਨੀ ਇੱਕ ਹੋਰ ਬੂਟਾ - ਪ੍ਰੋ: ਕਰਤਾਰ ਸਿੰਘ ।" ਪ੍ਰੋ: ਗੁਰਮੁਖ ਸਿੰਘ ਜੀ ਪਟਿਆਲੇ ਵਾਲਿਆ ਨੇ ਲਿਖਿਆ ਹੈ :-

"ਸੱਚ ਮੁੱਚ ਐਸੇ ਇਨਸਾਨ ਸੰਸਾਰ ਵਿੱਚ ਵਿਰਲੇ ਹੀ ਆਉਂਦੇ ਹਨ । ........ ਇਨ੍ਹਾਂ ਦੀ ਸਹੀ ਪਹਿਚਾਣ ਅਤੇ ਸਹੀ ਮੁਲਕਾਨ ਨਹੀਂ ਕਰ ਪਾਂਦੇ । ਪ੍ਰੋ: ਕਰਤਾਰ ਸਿੰਘ ਆਤਮ ਰਸ ਦੇ ਰਸੀਏ ਹੋ ਚੁੱਕੇ ਸਨ ਅਤੇ ਉਨ੍ਹਾਂ ਵਿੱਚ ਖਾਲਸੇ ਦੇ ਆਦਰਸ਼ ਗੁਰੂ ਕ੍ਰਿਪਾ ਸਦਕੇ ਆ ਚੁੱਕੇ ਸਨ । ਅੰਤਮ ਸਮੇਂ ਦੇ ਉਨ੍ਹਾਂ ਦੇ ਬੋਲਾਂ ਤੋਂ ਪਤਾ ਲਗਦਾ ਸੀ ਕਿ ਉਹ ਸੰਸਾਰ ਨਾਲੋਂ ਮੋਹ ਤੋੜਕੇ ਗੁਰੂ ਚਰਨਾਂ ਵਿੱਚ ਸਮਾਉਣ ਲਈ ਪੂਰੀ ਤਰ੍ਹਾਂ ਤਿਆਰ ਸਨ । .......... ਜਿਸ ਹਿਰਦੇ ਵਿੱਚ ਗੁਰਬਾਣੀ ਦਾ ਨਿਵਾਸ ਹੋ ਜਾਵੇ ਉਸ ਹਿਰਦੇ ਵਿੱਚ ਗੁਰੂ ਪਾਤਸ਼ਾਹ ਦਾ ਨਿਵਾਸ ਹੁੰਦਾ ਹੈ ।

ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥
ਜਿਸਹਿ ਲਗਾਏ ਪੀਆਵੈ ਇਹ ਰਸੁ ਅਕਥ ਕਥਾ ਤਿਨ ਜਾਨੀ ॥

# ਗੁਰਮੁਖ ਸ਼ਖਸੀਅਤ ਪ੍ਰੋ: ਕਰਤਾਰ ਸਿੰਘ

ਰਸ਼ਪਾਲ ਸਿੰਘ

ਓਇ ਪੁਰਖ ਪ੍ਰਾਣੀ ਧੰਨ ਜਨ ਹਹਿ
ਉਪਦੇਸੁ ਕਰਹਿ ਪਰਉਪਕਾਰਿਆ ॥
ਹਰਿ ਨਾਮ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ
ਹਰਿ ਨਾਮੇ ਜਗੁ ਨਿਸਤਾਰਿਆ ॥ (ਪੰਨਾ ੩੧੧)

ਉਪਰੋਕਤ ਅੰਮ੍ਰਿਤ ਮਈ ਬਾਣੀ ਦੀਆਂ ਪੰਕਤੀਆਂ ਜੋ ਵਰਖਾ ਕਰ ਰਹੀਆਂ ਹਨ। ਉਸ ਵਰਖਾ ਦਾ ਲਾਭ ਪ੍ਰਾਪਤ ਕਰਨ ਵਾਲੀ ਅਤੇ ਵਧੀਆ ਫਲਣ ਵਾਲੀ ਫਸਲ ਸੀ, ਪ੍ਰੋ: ਕਰਤਾਰ ਸਿੰਘ ਜੀ, ਮਾਡਲ ਟਾਊਨ, ਹੁਸ਼ਿਆਰਪੁਰ। ਆਪ ਪ੍ਰੈਕਟੀਕਲੀ ਗੁਰਸਿੱਖੀ ਜੀਵਨ ਜੀਊਣ ਵਾਲੀ ਬਹੁਪੱਖੀ ਸ਼ਖਸ਼ੀਅਤ ਸੀ। ਜੇਕਰ ਉਨ੍ਹਾਂ ਨੇ ਲੰਮੇ ਚੋਲੇ ਪਾਏ ਹੁੰਦੇ ਤੇ ਕਿਤੇ ਡੇਰੇਦਾਰ ਬਣੇ ਹੁੰਦੇ ਤਾਂ ਲੋਕ ਉਹਨਾਂ ਨੂੰ ਸੰਤ ਜਾਂ ਮਹੰਤ ਕਹਿੰਦੇ ਪਰ ਉਹ ਤਾਂ :

**ਨਾਨਕ ਸਤਿਗੁਰਿ ਭੇਟੀਐ, ਪੂਰੀ ਹੋਵੈ ਜੁਗਤਿ ॥**
**ਹਸੰਦਿਆ ਖੇਲੰਦਿਆ ਪੈਨੰਦਿਆ ਵਿਚੇ ਹੋਵੈ ਮੁਕਤਿ ॥ (੫੨੨)**

ਵਾਲੇ ਮਾਰਗ ਦੇ ਪਾਂਧੀ ਸਨ। ਉਹਨਾਂ ਦੇ ਸਤਿਕਾਰ ਵਿੱਚ ਜਾਂ ਤਾਰੀਫ ਵਿੱਚ ਬਹੁਤ ਕੁਝ ਲਿਖਣਾ ਐਸ ਤਰ੍ਹਾਂ ਔਖਾ ਹੈ ਜਿਵੇਂ ਕਿਸੇ ਅਧੂਰੇ ਵਲੋਂ ਪੂਰੇ ਬਾਰੇ ਕਹਿਣਾ ਅਸੰਭਵ ਹੈ।

ਇਸ ਲਿਖਤ ਵਿੱਚ ਕਿਸੇ ਵੱਲੋਂ ਸੁਣੀਆਂ ਸੁਣਾਈਆਂ ਗੱਲਾਂ ਨਹੀਂ ਲਿਖਣੀਆਂ। ਕੇਵਲ ਉਹ ਸੁਨਹਿਰੀ ਪਲ ਜਦ ਉਹਨਾਂ ਨਾਲ ਮਿਲਾਪ ਹੁੰਦਾ ਜਾਂ ਉਨ੍ਹਾਂ ਸੁਹਾਵਣੀਆਂ ਘੜੀਆਂ ਜਦ ਇਹਨਾਂ ਨਜ਼ਰਾਂ ਨੇ ਉਹਨਾਂ ਨੂੰ ਮਾਨਵਤਾ ਨੂੰ ਕੁਝ ਵੰਡਦਿਆਂ ਦੇਖਿਆ, ਸਬੰਧੀ ਹੀ ਲਿਖਾਂਗਾ। ਇਹ ਸਮਾਂ ਕਿਵੇਂ ਮਿਲਦਾ ਰਿਹਾ ਟੂਕ ਮਾਤਰ ਦੱਸਣਾ ਜ਼ਰੂਰੀ ਹੈ। ਕਿਉਂਕਿ ਜੇ ਕਿਸੇ ਨੂੰ ਕਿਸੇ ਬਾਗ ਜਾਂ ਫੁਲਵਾੜੀ ਦੇ ਸੁੰਦਰ ਅਨੰਦਮਈ ਨਜ਼ਾਰੇ ਬਾਰੇ ਜਾਣੂ ਕਰਾਉਣਾ ਹੋਵੇ ਤਾਂ ਦੱਸਣਾ ਤਾਂ ਪਏਗਾ ਹੀ ਕਿ ਬਾਗ ਵਿੱਚ ਜਾਣਾ ਪਿਆ ਜਾਂ ਫੁੱਲਾਂ ਦੀ ਖੁਸ਼ਬੋ ਹੀ ਐਨੀ ਐਨੀ ਦੂਰੀ ਤੱਕ ਚਲਦੀ ਹਵਾ ਰਾਹੀਂ ਸੁਗੰਧੀ ਛੱਡ ਗਈ। ਸੰਖੇਪ 'ਚ ਸੰਨ 1988 ਈ: ਵਿੱਚ ਅਣਇੱਛਤ ਹੀ ਗੁ: ਕਲਗੀਧਰ ਚਰਨ ਪਾਵਨ ਮਾਡਲ ਟਾਊਨ, ਹੁਸ਼ਿਆਰਪੁਰ ਵਿੱਚ ਸਾਰੇ ਪਰਿਵਾਰ ਨੂੰ ਰਿਹਾਇਸ਼ ਕਰਨੀ ਪਈ। ਪਰ ਕੀ ਜਾਣਦੇ ਸਾਂ ਕਿ ਇਸ ਅਸਥਾਨ ਤੇ ਅਜਿਹੀਆਂ ਗੁਰਮੁੱਖ ਰੂਹਾਂ ਤੇ ਚਿਹਰਿਆਂ ਦਾ ਸੰਗ ਕਰਨ ਦਾ ਵੀ ਸੁਭਾਗ ਪ੍ਰਾਪਤ ਹੋਣਾ ਹੈ। ਬੱਸ ਇੱਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਦੇ ਬਾਗ ਵਿੱਚ ਅਜਿਹੇ ਉੱਤਮ ਫਲ ਫੁੱਲ ਰੂਪੀ ਗੁਰਮੁੱਖਾਂ ਨਾਲ ਮਿਲਾਪ ਦਾ ਅਵਸਰ ਪ੍ਰਾਪਤ ਹੋਇਆ। ਜਿਹਨਾਂ ਵਿੱਚੋਂ ਹਨ ਪ੍ਰੋ: ਕਰਤਾਰ ਸਿੰਘ ਜੀ। ਕੁਦਰਤੀ ਸੀ ਕਿ ਮਹਿਕ ਆਲੇ ਦੁਆਲੇ ਦੇ ਵਾਤਾਵਰਣ ਨੂੰ ਵੀ ਪ੍ਰਭਾਵਤ ਕਰਦੀ ਹੈ। ਸਤਿਗੁਰਾਂ ਦਾ ਸ਼ੁਕਰ ਅਜਿਹੇ ਵਾਤਾਵਰਣ ਦਾ ਹਿੱਸਾ ਬਣਨ ਦਾ ਸਮਾਂ ਮਿਲਿਆ।

ਜਦ ਬੱਚਿਆਂ ਨੂੰ ਛੁੱਟੀਆਂ ਹੋਣੀਆਂ ਜਾਂ ਲੰਮੇ ਦਿਨਾਂ ਵਿੱਚ ਵੱਖ-ਵੱਖ ਉਮਰ ਦੇ ਲੜਕੇ ਲੜਕੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦਿੰਦੇ। ਇੱਥੋਂ ਤੱਕ ਕਿ ਜੇ ਕੋਈ ਵਿਅਕਤੀ ਸੰਗੀਤ ਸਿੱਖਣ ਦਾ ਚਾਹਵਾਨ ਤਾਂ ਹੈ। ਪਰ ਪ੍ਰੋ: ਸਾਹਿਬ ਵਲੋਂ ਨਿਯਤ ਕੀਤੇ ਗਏ ਸਮੇਂ ਚ ਪਹੁੰਚਣ ਤੋਂ ਅਸਮਰਥੱਤਾ ਪ੍ਰਗਟਾਉਂਦਾ ਤਾਂ ਆਪ ਉਸ ਦੇ ਵਾਸਤੇ ਬਾਕੀ ਨੇਮ ਤੋਂ ਇਲਾਵਾ ਸਮਾਂ ਕੱਢ ਕੇ ਉਸ ਨੂੰ ਸਿਖਾਉਂਦੇ। ਤਿੰਨ੍ਹ ਦੋਧੀ ਜੋ ਦੁਪਹਿਰ ਨੂੰ ਕੜਕਦੀ ਧੁੱਪ ਵਿੱਚ ਵਿਹਲੇ ਹੋ ਕੇ ਸਿੱਖਣ ਆਉਂਦੇ ਅਤੇ ਵਡੇਰੀ ਉਮਰ (25 ਸਾਲ ਤੋਂ ਉਪਰ ਦੇ) ਦੇ ਸਨ, ਉਨ੍ਹਾਂ ਲਈ ਖਾਸ ਤੌਰ ਤੇ ਸਮਾਂ ਕੱਢ ਕੇ ਆਉਂਦੇ। ਨਾਲੇ ਕਦੇ ਕਦੇ ਮੇਰੇ ਨਾਲ ਹੱਸਦੇ ਕਹਿ ਦਿੰਦੇ ਭਾਵੇਂ ਇਹ ਬੁੱਢੇ ਤੋਤੇ ਹਨ ਪਰ ਗੁਰੂ ਸਾਹਿਬ ਸਮਰੱਥ ਹਨ ਇਹਨਾਂ ਨੂੰ ਸਿਖਾ ਹੀ ਦੇਣਗੇ। ਅਜਿਹਾ ਸੇਵਾ ਦਾ ਚਾਉ ਕਿ ਨਾ ਕਦੇ ਗਰਮੀ ਨਾ ਸਰਦੀ ਤੋਂ ਘਬਰਾਹਟ। ਜੇਕਰ ਗੁਰਦੁਆਰਾ ਸਾਹਿਬ ਤੋਂ ਰੋਸ਼ਨ ਗਰਾਊਂਡ ਵੱਲ ਤੱਕੀਏ ਤਾਂ ਕੜਕਦੀ ਧੁੱਪ ਨਜ਼ਰਾਂ ਬੰਦ ਕਰ ਦਿੰਦੀ ਤੇ ਆਪ ਨੇ ਪੈਦਲ ਤੁਰ ਕੇ ਆ ਰਹੇ ਹੋਣਾ। ਜੇਕਰ ਸਿੱਖਿਆਰਥੀ (ਬੱਚੇ) ਘੱਟ ਆਏ ਹੋਏ ਹੋਣੇ ਤਾਂ ਸੱਦੇ ਭੇਜ ਦੇਣੇ ਤਾਂ ਆਪ ਵੀ ਸੱਦਣ ਤੁਰ ਪੈਣਾ -'ਕਿ ਆ ਜਾਉ ! ਗੁਰੂ ਮਹਾਰਾਜ ਦਾ ਜਸ ਗਾਇਨ ਕਰੋ।'

ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ

ਹੀ ਹਰਮੋਨੀਅਮ ਸਿਖਾਉਂਦੇ । ਜੇਕਰ ਹਜ਼ੂਰੀ ਵਿੱਚ ਸਾਫ ਸਫਾਈ ਚਲਦੀ ਹੁੰਦੀ ਤਾਂ ਕਦੇ ਇੰਝ ਨਹੀਂ ਸੀ ਕਰਦੇ ਕਿ ਕਿਸੇ ਹੋਰ ਪਾਸੇ ਬੈਠ ਕੇ ਸਿਖਾ ਦਿਆਂ । ਇਸ ਤਰ੍ਹਾਂ ਕਰਨ ਤੋਂ ਬਹੁਤ ਝਿਜਕਦੇ ਸਨ । ਉਹਨਾਂ ਦੇ ਬੋਲ ਹੁੰਦੇ ਸਨ – "ਮੈਨੂੰ ਕੀ ਆਉਂਦਾ ਹੈ, ਮੈਂ ਕੌਣ ਹਾਂ ਸਿਖਾਉਣ ਵਾਲਾ ? ਗੁਰੂ ਸਾਹਿਬ ਨੇ ਸਿਖਾਉਣਾ ਹੈ ਮੈਂ ਹਜ਼ੂਰੀ ਤੋਂ ਬਾਹਰ ਕੀ ਸਿਖਾ ਸਕਦਾ ਹਾਂ ? ਉਸ ਨੇ ਕਿਰਪਾ ਕਰਨੀ ਹੈ।" ਨਾਲ ਹੀ ਗੁਰੂ ਸਾਹਿਬ ਵੱਲ ਨਮਸਕਾਰ ਕਰੀ ਜਾਣੀ ਦੋਇ ਕਰ ਜੋੜ ਜੋੜ ਕੇ । ਫਿਰ ਉਸ ਚਲ ਰਹੀ ਸਾਫ ਸਫਾਈ ਦੀ ਸੇਵਾ ਨੂੰ ਛੇਤੀ ਨਿਪਟਾਉਣ ਲਈ ਆਪ ਨੇ ਜ਼ੋਰ ਜ਼ੋਰ ਨਾਲ ਖੜਿਆਂ ਹੋ ਕੇ ਝਾੜੂ ਲਗਾਉਣਾ ਸ਼ੁਰੂ ਕਰ ਦੇਣਾ । ਬੱਚਿਆਂ ਬੀਬੀਆਂ ਨੂੰ ਕਹਿਣਾ – "ਸੇਵਾ ਕਰੋ ਫਿਰ ਕੁਝ ਸਿੱਖਿਆ ਜਾਣਾ ਹੈ ।" ਇਹ ਸਤਰਾਂ ਲਿਖਦਿਆਂ ਸਾਰਾ ਨਕਸ਼ਾ ਸਾਹਮਣੇ ਆ ਰਿਹਾ ਹੈ । ਭਾਵੇਂ ਮੈਂ ਹਰਮੋਨੀਅਮ ਸਿੱਖਦਾ ਨਹੀਂ ਸੀ ਪਰ ਤੁਰਦਾ-ਫਿਰਦਾ (ਕੋਈ ਨਾ ਕੋਈ ਕਾਰਜ ਕਰਦਿਆਂ) ਸਭ ਕੁਝ ਨਜ਼ਰੀ ਪੈਂਦਾ ਤੇ ਸੁਣਦਾ ਰਹਿੰਦਾ ਸੀ । ਬਜ਼ੁਰਗ ਅਵਸਥਾ, ਪਤਲਾ ਸਰੀਰ, ਕੁੜਤਾ ਪਜਾਮਾ ਤੇ ਸਿਰ ਤੇ ਛੋਟੀ ਜਿਹੀ ਵੱਟਾਂ ਵਾਲੀ ਸ਼ੋਭਨੀਕ ਦਸਤਾਰ, ਸਰਦੀਆਂ ਨੂੰ ਪੈਂਟ ਕੋਟ, ਥੋੜਾਂ ਥੋੜਾ ਸਰੀਰ ਦਾ ਅਗਾਂਹ ਨੂੰ ਝੁਕਾਅ ਤੇ ਥੋੜੇ ਥੋੜੇ ਗੋਡੇ ਅਗਾਂਹ ਨੂੰ ਅਤੇ ਹੱਥ ਵਿੱਚ ਫੜਿਆ ਕੁਝ ਨਾ ਕੁਝ ਲਿਟਰੇਚਰ ਵਾਲਾ ਲਿਫਾਫਾ ਜਾਂ ਸੰਗੀਤ ਸਮੱਗਰੀ ਜਾਂ ਬੱਚਿਆਂ ਦੇ ਖਾਣ ਲਈ ਆਦਿਕ ਲਟਕਾਉਂਦਿਆਂ ਰਵਾਂ ਰਵੀਂ ਨਾਮ ਜਪਦਿਆਂ ਤੁਰੇ ਆਉਣਾ ਸੇਵਾ ਸਿਮਰਨ ਦਾ ਚਾਉ ਅਤੇ ਤਰੱਕੀ ਦਾ ਪ੍ਰਤੀਕ ਇਹ ਸਤਰਾਂ ਲਿਖਦਿਆਂ ਦਿਸ ਰਿਹਾ ਹੈ । ਸੁਸਤੀ ਕਦੇ ਨਜ਼ਰ ਨਾ ਆਉਂਦੀ । ਫਿਰ ਚੌਂਕੜਾ ਮਾਰ ਕੇ ਪਹਿਲਾਂ ਸ਼ਬਦ ਦੇ ਅਰਥ ਰਾਗ ਅਤੇ ਗੁਰੂ ਮਹਾਰਾਜ ਬਾਰੇ ਡੂੰਘਾਈ 'ਚ ਵਿਦਵਤਾ ਸਹਿਤ ਜਾਣਕਾਰੀ ਦੇਣੀ । ਫਿਰ ਸੰਗੀਤ ਸ਼ੁਰੂ ਕਰਵਾਉਣਾ । ਸਿੱਖਿਆਰਥੀ ਤਾ ਬਹੁਤ ਹੀ ਡੂੰਘਾਈ ਨਾਲ ਬਿਆਨ ਕਰ ਸਕਦੇ ਹਨ । ਮੈਂ ਤਾਂ ਕਲਾਸ ਦੇ ਨੇੜੇ ਘੁੰਮਦਿਆਂ ਜਾਂ ਰਿਹਾਇਸ਼ੀ ਕਮਰੇ ਤੱਕ ਪਹੁੰਚਦੀ ਅਵਾਜ਼ ਤੋਂ ਪ੍ਰਭਾਵਤ ਹੋ ਕੇ ਹੀ ਲਿਖ ਰਿਹਾ ਹਾਂ । ਸਭ ਬੱਚਿਆਂ ਦਾ ਅਤੇ ਪ੍ਰੋ: ਸਾਹਿਬ ਦਾ ਆਪਣਾ ਮੂੰਹ ਗੁਰੂ ਸਾਹਿਬ ਵੱਲ ਹੁੰਦਾ ਸੀ । ਕਈ ਵਾਰ ਇੱਕ ਲੱਤ ਚੌਂਕੜੇ ਵਾਲੀ ਸਥਿਤੀ ਵਿੱਚ ਤੇ ਦੂਸਰਾ ਗੋਡਾ ਉਤਾਂਹ ਚੁੱਕਿਆ ਹੋਇਆ ਹੋਣਾ ਤੇ ਬਾਂਹ ਦੀ ਕੂਹਣੀ ਵਾਲਾ ਹਿੱਸਾ ਗੋਡੇ ਤੇ ਰੱਖਿਆ ਹੋਣਾ ਤੇ ਸਿੱਖਿਆਰਥੀਆਂ ਦੇ ਕੀਰਤਨ ਵਿੱਚ (ਕਲਾਸ 'ਚ) ਮੁਗਧ ਹੋਏ ਹੋਣਾ । ਅੱਖਾਂ ਮੀਟ ਮੀਟ ਝੂਮ ਰਹੇ ਹੋਣਾ ।

ਜੇਕਰ ਉਸ ਸਮੇਂ ਵੱਲ ਧਿਆਨ ਦੇਈਏ ਤਾਂ ਅਵਾਜ਼ ਕੰਨਾਂ 'ਚ ਇਸ ਤਰ੍ਹਾਂ ਗੂੰਜਦੀ ਹੈ : ਆਸਾ ਰਾਗ ਦਾ ਮੰਗਲਾਚਰਨ :-

ਮ ਪ ਧ ਪ<br>
ਡੰਡਉਤ ਬੰਦਨ ਅਨਿਕ, ਬਾਰ ਸਰਬ ਕਲਾ ਸਮਰਥ ਡੋਲਣ ਤੇ ਰਾ<br>
ਮ ਗ਼ ਰੇ ਰੇ ਰਾ ਰੇ ਸ<br>
ਖਹੁ ਪ੍ਰ ਭੂ ਨਾਨਕ ਦੇ ਕਰ ਹਥ<br>
ਸਂ ਨੀ ਧ ਰੇਂ ਸਂ ਨੀ ਧ ਪ ਮ<br>
ਗਿਆਨ ਅੰ ਜਨ ਗੁਰ ਦੀਆ ਅਗਿਆਨ ਅੰ ਧੇ ਰ ਬਿ ਨਾਸ<br>
ਧ ਪ ਮ ਗ ਰੇ ਰੇ ਗ ਰੇ ਸ<br>
ਹਰਿ ਕ੍ਰਿਪਾਤੇ ਸੰਤ ਭੇਟਿਆ ਨਾਨਕ ਮਨੁ ਪਰ ਗਾਸਿ,

ਹੋਰ 'ਆਨਦ ਗੁਣੀ ਨਿਧਾਨ ਗੁਰੂ ਗਰੀਬ ਨਿਵਾਜ, ਮ੍ਰਿਤ ਪਿਆਰੇ ਨੂੰ, ਗੁਰੂ ਮੇਰੈ ਸੰਗਿ ਸਦਾ ਹੈ ਨਾਲੇ, ਤੂੰ ਚਿਤਿ ਆਵਹਿ ਤੇਰੀ ਮਇਆ, ਬੀਤ ਜੈਹੇ ਬੀਤ ਜੈਹੇ, ਸਾਂਤਿ ਪਾਈ ਗੁਰਿ ਸਤਿਗੁਰ ਪੂਰੇ' ਅਤੇ ਹੋਰ ਕਈ ਸ਼ਬਦਾਂ ਦੀ ਲੈਅ ਘੁੰਮਦਿਆਂ ਫਿਰਦਿਆਂ ਸੁਣ ਕੇ ਹੀ ਮੌਜੂਦ ਹੈ । ਜੇਕਰ ਨੋਟੇਸ਼ਨ ਲਿਖਾਂ ਤਾਂ ਕਾਫੀ ਜਗ੍ਹਾ ਘਿਰ ਜਾਣੀ ਹੈ । ਭਾਵੇਂ ਮੈਨੂੰ ਸੰਗੀਤ ਦੀ ਬਹੁਤੀ ਜਾਣਕਾਰੀ ਨਹੀਂ ਪਰ ਕੁਦਰਤੀ ਹੈ ਕਿ ਜਿਹੋ ਜਿਹੀ ਸੰਗਤ ਦਾ ਮਾਹੌਲ ਹੋਵੇ ਉਹ ਮਨੁੱਖ ਨੂੰ ਪ੍ਰਭਾਵਤ ਕਰ ਦਿੰਦਾ ਹੈ । ਦੂਸਰਾ ਮੇਰੀ ਭੈਣ ਨਾਲ ਪ੍ਰੋ: ਸਾਹਿਬ ਬਹੁਤ ਹੀ ਪ੍ਰੇਮ-ਮਿਲਾਪ ਰੱਖਦੇ ਸਨ । ਉਹ ਆਪ ਤੋਂ ਨੋਟੇਸ਼ਨ ਦੇਣੇਂ ਦਾ ਢੰਗ ਬਹੁਤ ਜਲਦੀ ਸਿਖ ਕੇ ਅਗਾਂਹ ਬੱਚਿਆਂ ਨੂੰ ਸਿਖਾ ਦਿੰਦੀ ! ਕੁਝ ਨੋਟੇਸ਼ਨ ਸਾਡੇ ਪਾਸ ਲਿਖੀ ਹੋਈ ਮੌਜੂਦ ਹੈ । ਜਿਸ ਤੋਂ ਪ੍ਰੋ: ਸਾਹਿਬ ਦੇ ਬੋਲਾਂ ਦੇ ਦਰਸ਼ਨ (ਕੰਨ ਰਾਗ ਰਾਹੀਂ) ਹੋ ਜਾਂਦੇ ਹਨ ।

ਪ੍ਰੋ: ਸਾਹਿਬ ਸੇਵਾ ਸਿਮਰਨ 'ਚ ਕਿੰਨੇ ਜੁੜੇ ਹੋਏ ਸਨ ਇਹ ਤਾਂ ਉਹਨਾਂ ਦੇ ਸਰੀਰ ਅਤੇ ਦਿਮਾਗ ਤੋਂ ਹੀ ਪ੍ਰਗਟ ਹੋ ਜਾਂਦਾ ਹੈ ਕਿ ਕਿੰਨੇ ਅਣਥੱਕ ਸੇਵਕ ਅਤੇ ਸੂਝਵਾਨ ਸਨ । ਸਵੇਰੇ ਸ਼ਾਮ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਭਰਨੀ । ਭੋਗ ਉਪਰੰਤ ਕਿੰਨਾ ਕਿੰਨਾ ਸਮਾਂ ਚੌਂਕੜਾ ਮਾਰ ਕੇ ਲਿਵ ਜੋੜੀ ਬੈਠੇ ਹੋਣਾ । ਉਂਗਲਾਂ ਦੇ ਪੋਟਿਆਂ ਤੇ ਇੰਝ ਅੰਗੂਠਾ ਚਲ ਰਿਹਾ ਹੋਣਾ ਜਿਵੇਂ ਕੁਝ ਗਿਣਤੀ ਕਰੀਦਾ ਹੈ । ਸ਼ਾਇਦ ਮਾਲਾ ਫੇਰ ਦੀ ਵਿਧੀ ਸੀ । ਪਰ

ਕਦੇ ਪੁੱਛਿਆ ਨਹੀਂ ਸੀ ।

ਆਪ ਪੰਥ ਦੇ ਇੱਕ ਮਹਾਨ ਪ੍ਰਚਾਰਕ ਸਨ । ਕੇਵਲ ਗੁਰਬਾਣੀ, ਇਤਿਹਾਸ ਤੇ ਮਰਯਾਦਾ ਦ੍ਰਿੜ (ਕੇਵਲ ਜ਼ਬਾਨ ਰਾਹੀਂ ਹੀ ਨਹੀਂ) ਕਰਵਾਉਣ ਵਾਲੇ ਹੀ ਨਹੀਂ ਸਗੋਂ ਹੱਥੋਂ ਕੁਝ ਛੱਡ ਕੇ ਵੀ । ਭਾਵ ਕਿ ਜਿਹੜੇ ਬੱਚਿਆਂ ਕੋਲ ਕੰਘੇ ਕੜ੍ਹੇ ਨਾ ਹੋਣੇ ਉਹ ਮੁਫਤ ਵੰਡਣੇ । ਜਿਹਨਾਂ ਗਰੀਬ ਲੜਕੀਆਂ ਕੋਲ ਸਿਰ ਢੱਕਣ ਲਈ ਦੁਪੱਟੇ ਨਹੀਂ ਹੁੰਦੇ ਉਹਨਾਂ ਨੂੰ ਲਿਆ ਕੇ ਦੁਪੱਟੇ ਦੇਣੇ ਨਿਮਰਤਾ ਸਹਿਤ । ਕਦੇ ਹਉਮੈ ਨਹੀਂ ਸੀ ਦੇਖੀ ਕਿ ਮੈਂ ਕੀ ਕੀ ਕੀਤਾ ਦੇਖੋ । ਅਜਿਹਾ ਕਦੇ ਨਹੀਂ । ਕਹਿਣੀ ਕਰਨੀ ਦਾ ਸੁਮੇਲ ਬਣਾਈ ਰੱਖਣ ਦੇ ਉਮੀਦਵਾਰ ਸਨ ।

ਗੁਰਮਤਿ ਵਿਦਿਆ ਤੋਂ ਇਲਾਵਾ ਆਪ ਨੂੰ ਸਰਬਪੱਖੀ ਗਿਆਨਵਾਨ ਕਹਿ ਲਈਏ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ । ਕੁਝ ਵਿਸ਼ਿਆਂ ਸਬੰਧੀ ਮਿਸਾਲ ਦੇਣੀ ਚਾਹਾਂਗਾ । ਮੇਰੀ ਭੈਣ ਨੇ ਬੀ.ਏ. ਫਾਈਨਲ ਵਿੱਚ ਇਕਨੌਮਿਕਸ ਰੱਖੀ ਹੋਈ ਸੀ । ਉਸ ਨੂੰ ਕਈ ਵਾਰ ਕਿਸੇ ਪ੍ਰਸ਼ਨ ਨੂੰ ਹੱਲ ਕਰਨ ਲਈ ਬੜਾ ਪ੍ਰੇਸ਼ਾਨ ਹੋਣਾ ਪਿਆ ਹੋਣਾ ਤਾਂ ਫਿਰ ਬਾਬਾ ਜੀ (ਪ੍ਰੋ: ਸਾਹਿਬ) ਦੀ ਉਡੀਕ ਕਰਨੀ । ਆਪ ਜੀ ਨੇ ਐਸੇ ਤਰੀਕੇ ਨਾਲ ਸਮਝਾਉਣਾ ਕਿ ਉਹ ਪ੍ਰਸ਼ਨ ਇੰਝ ਲੱਗਣਾ ਕਿ ਬੜਾ ਸੌਖਾ ਹੈ । ਫਿਰ ਉਸ ਨੇ ਸੀ.ਪੀ. ਦਾ ਡਿਪਲੋਮਾ ਸ਼ੁਰੂ ਕੀਤਾ ਤਾਂ ਬੁੱਕ-ਕੀਪਿੰਗ ਅਤੇ ਸ਼ਾਰਟ ਹੈਂਡ (ਅੰਗਰੇਜ਼ੀ) ਵਿੱਚ ਅਜਿਹੀਆਂ ਮੁਸ਼ਕਲਾਂ ਆ ਜਾਣੀਆਂ ਕਿ ਜਿਹੜੀਆਂ ਕਾਲਜ ਦੇ ਪ੍ਰੋਫੈਸਰਾਂ ਤੋਂ ਹੱਲ ਕਰਵਾ ਕੇ ਵੀ ਸੰਤੁਸ਼ਟੀ ਨਾ ਹੁੰਦੀ । ਆਪ ਜੀ ਨੇ ਟਰਾਂਜ਼ੈਕਸ਼ਨਜ਼ ਅਤੇ ਹੋਰ ਕੁਝ ਵੀ ਅਜਿਹੇ ਢੰਗ ਨਾਲ ਸਮਝਾਉਣਾ ਕਿ ਸੰਤੁਸ਼ਟੀ ਹੋ ਜਾਣੀ । ਇਹੀ ਕਾਰਨ ਸੀ ਕਿ ਮੇਰੀ ਭੈਣ ਨੇ ਸੰਨ 1990 ਵਿੱਚ ਪੰਜਾਬ ਵਿੱਚੋਂ ਪਹਿਲਾ ਸਥਾਨ ਅਤੇ ਦੂਸਰੇ ਸਾਲ 1991 ਵਿੱਚ ਕਾਲਜ ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ । ਆਪ ਜੀ ਜਿੱਥੇ ਮਰਜੀ ਖੜੇ ਜਾਂ ਘਰ ਬੁਲਾ ਕੇ ਬੜੇ ਪਿਆਰ ਨਾਲ ਸਮਝਾ ਦਿੰਦੇ, ਨਿਸ਼ਕਾਮ ਹੀ । ਫਿਰ ਵਿਦਿਆ ਦੇ ਪ੍ਰਬੰਧ ਤੇ ਆਲੋਚਨਾ ਵੀ ਕਰ ਦਿੰਦੇ । ਇੱਕ ਦਿਨ ਇੰਝ ਕਿਹਾ :- "ਪਤਾ ਨਹੀਂ ਇਹ ਬੱਚਿਆਂ ਦਾ ਦਿਮਾਗ ਖਰਾਬ ਕਰਨਾ ਚਾਹੁੰਦੇ ਹਨ ? ਪੁੱਠੇ ਸਿੱਧੇ ਸਵਾਲ ਪਾ ਦਿੰਦੇ ਹਨ ।" ਮੈਨੂੰ ਯਾਦ ਹੈ ਕਿ ਮੈਂ ਸੰਨ 1991 ਦੇ ਦਸੰਬਰ ਮਹੀਨੇ ਵਿੱਚ ਬਾਬਾ ਜੀ ਨੂੰ ਐਮ.ਏ.। (ਪੰਜਾਬੀ) ਦਾ ਇੱਕ ਨੋਟਿਸ ਦਿਖਾਇਆ ਅਤੇ ਪੁੱਛਿਆ ਕਿ ਸਮਝ ਹੀ ਨਹੀਂ ਲਗਦੀ ਪਈ ਸਾਰੇ ਪਹਿਰੇ ਦੀ ਕਿ ਕੀ ਕੁਝ ਲਿਖਿਆ ਹੋਇਆ ਹੈ । ਆਪ ਜੀ ਥੋੜਾ ਗੰਭੀਰ ਹੋ ਕੇ ਦੇਖ ਕੇ ਬੋਲੇ :-

"ਪਤਾ ਨਹੀਂ ਪੰਜਾਬੀ ਦਾ ਕੀ ਬਣਾਈ ਜਾਂਦੇ ਆ, ਆਪਣੀਆਂ ਡਾਕਟਰੀਆਂ ਘਸੋੜੀ ਜਾਂਦੇ ਆ, ਨਿਆਣਿਆਂ ਨੂੰ ਸਮਝ ਲੱਗੇ ਜਾਂ ਨਾਂ ।"

ਸਮੇਂ ਸਮੇਂ ਜਦੋਂ ਵੀ ਮਿਲਦੇ ਜਾਂ ਖਾਸ ਤੌਰ ਤੇ ਮੇਰੇ ਕੋਲ ਆ ਕੇ ਕੁਝ ਨਾ ਕੁਝ ਦੱਸ ਕੇ ਜਾਂਦੇ । ਇੱਕ ਦਿਨ ਮੈਨੂੰ ਆਦਿ ਬੀੜ (ਆਦਿ ਗ੍ਰੰਥ) ਤੇ ਦਮਦਮੀ ਬੀੜ ਬਾਰੇ ਵਿਸਥਾਰ ਸਹਿਤ ਦੱਸਿਆ । ਪਰ ਜਦੋਂ ਅਸੀਂ ਸਾਰੇ ਪਰਿਵਾਰ ਨੇ ਗੁ: ਸਾਹਿਬ ਤੋਂ ਆਪਣੀ ਰਿਹਾਇਸ਼ ਬਦਲਣ ਦਾ ਪ੍ਰੋਗਰਾਮ ਬਣਾਇਆ ਤਾਂ ਆਪ ਦਾ ਮਨ ਬਹੁਤ ਹੀ ਦੁਖੀ ਹੋਇਆ । ਕੁਝ ਸੰਗਤਾਂ (ਸਾਥੀਆਂ) ਨਾਲ ਸਲਾਹਾਂ ਕਰਨ ਕਿ ਇਹਨਾਂ ਨੂੰ ਜਾਣ ਤੋਂ ਰੋਕਿਆ ਜਾਵੇ ਅਤੇ ਆਪਣੀ ਅਸਮਰੱਥਾ ਵੀ ਪ੍ਰਗਟਾਉਣ ਕਿ ਪ੍ਰਬੰਧ ਹੀ ਅਜਿਹੇ ਹਨ ਕਿਵੇਂ ਰੋਕੀਏ ? ਕਦੀਂ ਮੇਰੇ ਪਿਤਾ ਜੀ ਨੂੰ ਥੋੜਾ ਖਿੰਝ ਕੇ ਬੋਲਣ ਦੇ ਰੌਅ 'ਚ ਅਤੇ ਜਿਵੇਂ ਅੱਗੇ ਉਹਨਾਂ ਨੂੰ ਇਹ ਉਪਦੇਸ਼ ਦਿੰਦੇ ਰਹਿੰਦੇ ਕਿ "ਭਾਈ ਸਾਹਿਬ- ਢਿੱਲੇ ਨਾ ਪਏ ਰਿਹਾ ਕਰੋ, ਗੁਰੂ ਮਹਾਰਾਜ ਕੋਲ ਹਨ ,ਬਖਸ਼ਸ਼ਾਂ ਲਿਆ ਕਰੋ" ਉਹਨਾਂ ਨੂੰ ਵੀ ਰੁਕਣ ਲਈ ਬੇਨਤੀ ਕਰਦੇ ਹਨ । ਮੇਰੇ ਪਿਤਾ ਜੀ ਨੂੰ ਅਕਸਰ ਕਿਹਾ ਕਰਦੇ ਸਨ ਕਿ ਸਿਹਤ ਠੀਕ ਹੋ ਜਾਵੇਗੀ, ਸ਼ਬਦ ਪੜਿਆ ਕਰੋ :

**ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ ਹਸ੍ਤ ਕਾਯਾ ਰਖ੍ਯਾ ਪਰਮੇਸ੍ਵਰਹ ॥**
**ਆਤਮ ਰਖ੍ਯਾ ਗੋਪਾਲ ਸੁਆਮੀ ਧਨ ਚਰਣ ਰਖ੍ਯਾ ਜਗਦੀਸ੍ਵਰਹ ॥ (੧੩੫੮)**

ਫੇਰ ਸਾਡੇ ਵਲੋਂ ਬੇਨਤੀ ਕਰਨ ਤੇ ਕਿ ਸਾਡੀ ਮਜਬੂਰੀ ਹੈ ਤਾਂ ਹਾਂ-ਪੱਖੀ ਤਾਂ ਹੋ ਗਏ । ਪਰ ਅੱਖਾਂ ਵਿੱਚ ਅੱਥਰੂ ਅਤੇ ਦਿਲ ਵਿੱਚ ਸ਼ਾਇਦ ਇਹ ਕਿ ਇਹ ਪਰਿਵਾਰ ਕਿਸੇ ਗੱਲੋਂ ਦੁਖੀ ਹੋਇਆ ਹੈ । ਚਿਹਰੇ ਤੋਂ ਪ੍ਰਬੰਧਕਾਂ ਪ੍ਰਤੀ ਰੋਸ ਪ੍ਰਗਟ ਕਰਨ ਦੇ ਹਾਵ-ਭਾਵ ਨਜ਼ਰੀ ਆਉਣ । ਫਿਰ ਕਦੀ ਕਦੀ ਗੁ: ਮਿੱਠਾ ਟਿਵਾਣਾ, ਗੁ: ਕਲਗੀਧਰ ਜਾਂ ਰਸਤੇ ਵਿੱਚ ਮਿਲਦੇ । ਇੱਕ ਦਿਨ ਮੈਨੂੰ ਮਾਡਲ ਟਾਊਨ ਦੀ ਇੱਕ ਦੁਕਾਨ ਤੇ ਮਿਲ ਪਏ । ਹਾਲ-ਚਾਲ ਪੁੱਛਣ ਉਪਰੰਤ ਪੰਥ ਪ੍ਰਤੀ ਵੀਚਾਰ ਚੱਲ ਪਈ ।

ਕਹਿੰਦੇ ਪਤਾ ਏ "ਡਾ: ਗਰੇਵਾਲ ਨੇ ਕੀ ਲੇਖ ਲਿਖਿਆ ਹੈ 21 ਵੀਂ ਸਦੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਬਾਰੇ ।" ਮੈਂ ਕਿਹਾ ਹਾਂ ਜੀ । ਕਹਿੰਦੇ :- "ਹਾਂ ਜੀ ਨਹੀਂ ਤੁਸੀਂ ਐਮ.ਏ. ਪੰਜਾਬੀ ਦੇ ਵਿਦਿਆਰਥੀ ਹੋ, ਗੁਰੂ ਘਰ ਨੂੰ ਮੰਨਣ ਵਾਲੇ ਹੋ । ਢੰਡੋਰਾ ਪਿੱਟੋ ਇਸ ਦੇ ਵਿਰੁੱਧ । ਜਾਗਰੂਕ ਹੋਵੋ ।" ਸਾਰੀ ਗੱਲਬਾਤ ਮੈਨੂੰ ਵਿਸਥਾਰ ਨਾਲ ਸੁਣਾਈ । ਮੈਂ ਕਿਹਾ 'ਅਜੀਤ' ਅਖਬਾਰ ਵੀ ਖਬਰ ਲਗਾਉਂਦਾ ਰਿਹਾ ਹੈ । ਮੈਨੂੰ ਪਤਾ ਹੈ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਾਲਿਆਂ ਨੇ ਇਸ ਮਸਲੇ ਨੂੰ ਬੜੀ ਚੰਗੀ ਤਰ੍ਹਾਂ ਉਠਾਇਆ ਹੈ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁੱਖ ਪੇਸ਼ ਕਰ ਦਿੱਤਾ ਹੈ । ਗੰਭੀਰਤਾ ਨਾਲ ਵੀਚਾਰਾਂ ਚਲ ਰਹੀਆਂ ਹਨ । ਕਹਿੰਦੇ :- "ਗੱਲ ਇਹ ਨਹੀਂ, ਕਾਰਨ ਲੱਭੋ ਕਿ ਇਸ ਤਰ੍ਹਾਂ ਕਿਉਂ ਹੋਇਆ ?" ਮੈਂ ਕਿਹਾ ਪਤਾ ਨਹੀਂ ਜੀ । ਕਹਿੰਦੇ : "ਕਾਕਾ ਜਿਹੜਾ ਬਾਹਰਲੇ ਦੇਸ਼ਾਂ 'ਚੋਂ ਡਾਕਟਰੀਆਂ ਦੀਆਂ ਡਿਗਰੀਆਂ ਪ੍ਰਾਪਤ ਕਰਨ ਲਈ ਪੜ੍ਹਦੇ ਹੋ ਨਾ - ਉਹ ਤੁਹਾਨੂੰ ਤੁਹਾਡੇ ਧਰਮ ਦੀ ਸਹੀ ਸਿੱਖਿਆ ਨਹੀਂ ਦਿੰਦੇ । ਤੁਸੀਂ ਡਾਕਟਰੀਆਂ ਦੀਆਂ ਡਿਗਰੀਆਂ ਲੈ ਕੇ ਖੁਸ਼ ਹੋ ਜਾਂਦੇ ਹੋ ਤੇ ਜੋ ਉਹ ਲਿਖਾਉਣ ਲਿਖ ਦਿੰਦੇ ਹੋ । ਜਦ ਤੁਹਾਨੂੰ ਆਪਣੇ ਵਿਰਸੇ ਦੀ ਜਾਣਕਾਰੀ ਹੀ ਨਹੀਂ ਰਹਿੰਦੀ ਤਾਂ ਤੁਸੀਂ ਜੋ ਮਰਜ਼ੀ ਉਲ-ਜਲੂਲ ਲਿਖ ਦੇਵੋਂ । ਸੁਚੇਤ ਹੋਵੋ ।" ਉਸ ਦਿਨ ਤਕਰੀਬਨ ਇੱਕ ਘੰਟਾ ਦੁਕਾਨ ਤੇ ਹੀ ਗੱਲਬਾਤ ਚੱਲੀ । ਫਿਰ ਕਹਿੰਦੇ :- "ਟੁਰ ਪੈਂਦੇ ਓ ਢੋਲਕੀਆਂ ਚਿਮਟੇ ਖੜਕਾਉਂਦੇ ਸਿਰ ਹਿਲਾਉਂਦੇ ਪ੍ਰਭਾਤ ਫੇਰੀਆਂ ਕੱਢਦੇ ਤੇ ਚਾਹ ਪੂਰੀਆਂ ਖਾ ਕੇ ਬਹਿ ਜਾਂਦੇ ਹੋ - ਕੀ ਕਦੀਂ ਸੰਗਤਾਂ ਨੇ ਵੀਚਾਰ ਕੀਤੀ ਆ ਕਿ ਕਿਸ ਪਾਸਿਉਂ ਧਰਮ ਤੇ ਹਮਲਾ ਹੋ ਰਿਹਾ ਹੈ ? ਕੌਣ ਇਤਿਹਾਸ ਗਲਤ ਲਿਖ ਕੇ ਸੰਗਤਾਂ ਨੂੰ ਗੁੰਮਰਾਹ ਕਰਦਾ ਹੈ ?"

ਸੰਨ 1994 ਦੇ ਅਗਸਤ-ਸਤੰਬਰ ਦੇ ਮਹੀਨੇ ਮੇਰੇ ਇੱਕ ਦੋਸਤ ਨੇ ਜੋ ਕਿ ਹੁਸ਼ਿਆਰਪੁਰ ਖੇਤੀਬਾੜੀ ਯੂਨੀਵਰਸਿਟੀ ਵਿਭਾਗ ਵਿੱਚ ਡਾਕਟਰ ਹੈ ਕੀਰਤਨ ਸਿੱਖਣ ਦੀ ਇੱਛਾ ਜ਼ਾਹਰ ਕੀਤੀ । ਮੈਂ ਉਹਨਾਂ ਨੂੰ ਘਰ ਲਿਆ ਕੇ ਆਪ ਜੀ ਨਾਲ ਮਿਲਾਇਆ । ਬੇਹੱਦ ਪ੍ਰਸੰਨ ਹੋਏ । ਕਹਿੰਦੇ "ਮੈਂ ਤਾਂ ਚਾਹੁੰਦਾ ਹਾਂ ਕਿ ਪੜ੍ਹੇ ਲਿਖੇ ਆਪ ਵਰਗੇ ਜਵਾਨ ਕੀਰਤਨ ਸਿੱਖਣ ਤੇ ਫਿਰ ਪੰਥ ਦੀ ਸੇਵਾ ਕਰਨ ਸਿਖਾ ਕੇ ।" ਬਿਰਦ ਅਵਸਥਾ ਵਿੱਚ ਵੀ ਕਿਸੇ ਨੂੰ ਟਾਲਦੇ ਨਹੀਂ ਸਨ । ਘਰ ਗਿਆਂ ਦਾ ਪੂਰਾ ਦਿਲੋਂ ਸਵਾਗਤ ਕਰਦੇ ।

ਫਿਰ ਇੱਕ ਦਿਨ ਰਸਤੇ ਵਿੱਚ ਟੁਰੇ ਜਾਂਦੇ ਮਿਲ ਪਏ ਤਾਂ ਕਹਿੰਦੇ :- " ਜੇਕਰ ਕੋਲ ਸਾਜ਼ ਨਾ ਹੋਣ, ਲਾਊਡ ਸਪੀਕਰ ਅਤੇ ਬਿਜਲੀ ਨਾ ਹੋਵੇ ਤਾਂ ਕੀਰਤਨ ਕਿਵੇਂ ਕੀਤਾ ਜਾਵੇਗਾ, ਕਿਵੇਂ ਸੁਣਿਆ ਜਾਵੇਗਾ ? ਟੇਪ ਰਿਕਾਰਡ ਤਾਂ ਬੰਦ ਵੀ ਹੋ ਜਾਂਦੀ ਹੈ ਜਾਂ ਕੈਸੇਟ ਖਤਮ ਹੋ ਜਾਂਦੀ ਹੈ ।" ਮੈਂ ਉਹਨਾਂ ਦਾ ਭਾਵ ਸਮਝ ਗਿਆ ਕਿ ਅੰਤਰ ਆਤਮੇ ਅਨਹਦ ਨਾਦ ਧੁਨੀ ਵਜਣ ਵਜਾਉਣ ਸਬੰਧੀ ਪ੍ਰਤੀਕਰਮ ਦੇ ਰਹੇ ਹਨ । ਅਜਿਹੇ ਉਚੇ ਵੀਚਾਰ ਤੇ ਉਚੀ ਅਵਸਥਾ ਤੇ ਸੀ । ਇਸ ਗੱਲ ਤੋਂ ਬਾਅਦ ਵੀ ਰਸਤੇ ਵਿੱਚ ਮਿਲਦੇ ਪਰ ਮੈਂ ਬੁਲਾਉਣ ਤੋਂ ਸੰਕੋਚ ਕਰਨ ਲੱਗ ਪਿਆ । ਕਿਉਂਕਿ ਆਪ ਸਿਮਰਨ ਕਰਦੇ ਤੁਰੇ ਹੁੰਦੇ ਸਨ ਇਸ ਖਿਆਲ ਨਾਲ ਕਿ ਵਿਘਨ ਨਾ ਹੀ ਪਾਇਆ ਜਾਵੇ । ਜਨਵਰੀ 1995 ਵਿੱਚ ਗੁ: ਮਿੱਠਾ ਟਿਵਾਣਾ ਦੇ ਜੋੜੇ ਘਰ ਕੋਲ ਮਿਲ ਪਏ ਤਾਂ ਕਹਿਣ ਲੱਗੇ ਤੁਹਾਡੇ ਘਰ ਚਲਣਾ ਹੈ । ਮੈਂ ਕਿਹਾ ਲੈ ਜਾਵਾਂਗਾ । ਚਲੋ ਚਲੀਏ । ਕਹਿੰਦੇ ਨਹੀਂ ਅਜੇ ਠੰਢ ਹੈ । ਮੌਸਮ ਪ੍ਰਭਾਵਤ ਕਰ ਰਿਹਾ ਹੈ । ਮਹਾਰਾਜ ਦਾ ਸ਼ੁਕਰ ਹੈ ਏਥੋਂ ਤੱਕ ਆ ਕੇ ਸੰਗਤਾਂ ਦੇ ਦਰਸ਼ਨ ਕਰ ਜਾਈਦੇ ਹਨ । ਫਿਰ ਮੈਂ ਇੱਕ ਦੋ ਵਾਰ ਬੇਨਤੀ ਕੀਤੀ ਵੀ ਪਰ ਮੰਨੇ ਨਹੀਂ । ਕਹਿੰਦੇ ਰਹੇ ਠਹਿਰ ਕੇ ਚਲਾਂਗੇ । ਪਰ ਬਾਅਦ ਵਿੱਚ ਆਪਣੀ ਢਿੱਲ ਕਾਰਨ ਮੈਂ ਉਹਨਾ ਦੇ ਚਰਨ ਆਪਣੇ ਗ੍ਰਿਹ ਵਿਖੇ ਨਹੀਂ ਪੁਆ ਸਕਿਆ ।

ਆਪ ਜੀ ਆਸ਼ਾਵਾਦੀ ਸਨ । ਗੁ: ਕਲਗੀਧਰ ਵਿਖੇ ਮੇਰੇ ਮਾਤਾ ਜੀ ਕੋਲ ਸਿੱਧੇ ਆਏ ਤੇ ਕਹਿਣ ਲੱਗੇ : "ਕਿ ਅੱਜ ਮੈਨੂੰ ਕਿਸੇ ਬੀਬੀ ਨੇ ਕਿਹਾ ਹੈ ਕਿ ਤੁਹਾਨੂੰ ਹੁਣ ਆਪਣਾ ਚੋਲਾ ਬਦਲ ਲੈਣਾ ਚਾਹੀਦਾ ਹੈ । ਤਾਂ ਮੈਂ ਕਿਹਾ ਕਿਉਂ ਬਦਲਾਂ ? ਇਸ ਨੂੰ (ਸਰੀਰ) ਤੋਪਿਆਂ ਨਾਲ ਸਿਉਂ ਲਵਾਂਗਾ । ਮੇਰੇ ਗੁਰੂ ਕੋਲ ਬਹੁਤ ਵੱਡਾ ਦਵਾਖਾਨਾ ਹੈ ਉਸ ਨਾਲ ਇਸ ਦੀ ਮੁਰੰਮਤ ਕਰ ਕੇ ਰੱਖਾਂਗਾ । ਇਹ ਜਨਮ ਐਵੇਂ ਨਹੀਂ ਮਿਲਿਆ । ਇਸ ਦਾ ਲਾਹਾ ਲੈਣਾ ਚਾਹੀਦਾ ਹੈ । ਤਾਂ ਉਹ ਬੀਬੀ ਚੁੱਪ ਕਰ ਗਈ ।" ਭਾਵ ਕਿ ਆਪ ਨਿਰਾਸ਼ ਨਹੀਂ ਸਨ ਹੁੰਦੇ । ਅਜਿਹਾ ਵਿਸ਼ਵਾਸ਼ ਸੀ ਗੁਰਬਾਣੀ ਤੇ ਕਿ ਮੇਰੇ ਮਾਤਾ ਜੀ ਦਾ ਬੁਖਾਰ ਨਾ ਉਤਰੇ ਤੇ ਆਪ ਜੀ ਕਹਿੰਦੇ "ਇੰਝ ਨਹੀਂ ਉਤਰਨਾ ਧੁੱਪੇ ਬੈਠ ਕੇ ਲੱਤਾਂ ਦੀਆਂ ਪਿੰਨੀਆਂ ਤੋਂ ਮਾਲਸ਼ ਕਰੋ ਪੈਰਾਂ ਦੇ ਨਹੁੰਆਂ ਤੱਕ ਅਤੇ ਨਾਲ ਕਰੋ ਮੂਲ ਮੰਤ੍ਰ ਦਾਂ ਪਾਠ ।" ਵਾਕਿਆ ਹੀ ਇਹ ਨੁਸਖਾ

ਕਾਰਗਰ ਸਿੱਧ ਹੋਇਆ ।

ਆਪ ਜੀ ਭਵਿੱਖ ਨੂੰ ਸੁਨਹਿਰੀ ਦੇਖਣ ਲਈ ਵੀ ਤਤਪਰ ਰਹਿੰਦੇ ਸਨ । ਇੱਕ ਗੱਲ ਸੁਣਾਇਆ ਕਰਦੇ ਸਨ ਕਿ ਮੈਂ ਸ: ਮਹਿਤਾਬ ਸਿੰਘ ਹੋਰਾਂ ਨੂੰ (ਸੈਕਟਰੀ ਗੁ: ਕਲਗੀਧਰ) ਕਿਹਾ ਸੀ ਕਿ ਗੁਰਦੁਆਰਾ ਨਾ ਬਣਾਉ । ਜੇ ਬਣਾਉਣਾ ਹੈ ਤਾਂ ਲੋਕਾਂ ਨੇ ਬਹੁਤ ਕੁਝ ਕਿਹਾ ਕਰਨਾ ਖਾ ਗਏ ਖਾ ਗਏ ਇਤਿਆਦਿ । ਸਹਿਣ ਦੀ ਸਮਰੱਥਾ ਬਣਾਉਣੀ ਪਏਗੀ । ਦੇਖਿਆ ਲੋਕ ਹੁਣ ਕਈ ਕੁਝ ਕਹਿ ਦਿੰਦੇ ਹਨ ! ਨਾਲੇ ਪ੍ਰਬੰਧ ਵੀ ਸਹੀ ਨਹੀਂ ਚੱਲਦਾ । ਅਧੂਰਾ ਪਿਆ ਹੈ ਕਿੰਨਾ ਕੰਮ । ਜੋਤਸ਼ੀਆਂ ਵਾਂਗ ਹਰ ਗੱਲ ਦਾ ਫਾਇਦਾ ਨੁਕਸਾਨ ਦੱਸ ਦੇਂਦੇ ਸਨ । ਇਸੇ ਤਰ੍ਹਾਂ ਰਾਜਨੀਤਿਕ ਪੱਖੋਂ ਵੀ ਜਾਗਰੂਕ ਕਰਦੇ ਰਹਿੰਦੇ ਸਨ । ਕਹਿੰਦੇ ਸਨ ਕਿ "ਧਰਮ ਦੇ ਉਤੇ ਰਾਜਨੀਤੀ ਭਾਰੂ ਹੋ ਰਹੀ ਹੈ । ਕੁਰਸੀਆਂ ਦੀ ਖਾਤਰ ਲੜ ਰਹੇ ਹਨ । ਕੀ ਬਣੇਗਾ ਪੰਥ ਦਾ ?" ਇਸੇ ਕਰਕੇ ਸਾਹਿਤ ਤੇ ਇਤਿਹਾਸ ਸਾਂਭਣ ਲਈ ਜ਼ੋਰ ਪਾਉਂਦੇ ਰਹਿੰਦੇ । ਕਹਿਣਾ ਮੇਰੇ ਕਮਰੇ ਵਿੱਚ ਚਲੋ, ਕੋਈ ਮਿਹਨਤ ਕਰੋ ਜਿੰਨੀਆਂ ਮਰਜ਼ੀ ਕੀਮਤੀ ਕੀਮਤੀ ਕਿਤਾਬਾਂ ਲੈ ਕੇ ਪੜ੍ਹੋ । ਸਾਨੂੰ ਕਰਤਾਰਪੁਰ ਵਾਲੀ ਬੀੜ ਦੀ ਰਾਗਮਾਲਾ ਦੀਆਂ ਫੋਟੋ ਸਟੈਟ ਕਾਪੀਆਂ ਕਰਵਾ ਕੇ ਦਿੱਤੀਆਂ ।

ਨੋਟ :- ਪ੍ਰੋ. ਕਰਤਾਰ ਸਿੰਘ ਜੀ ਦੀ ਯਾਦ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਕਰਵਾਏ ਜਾਂਦੇ ਰਾਜ-ਪੱਧਰ ਦੇ ਪ੍ਰਾਇਮਰੀ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੇ ਕੀਰਤਨ ਮੁਕਾਬਲੇ ਲਈ ਇੱਕ ਚਲੰਤ ਟ੍ਰਾਫੀ ਅੰਮ੍ਰਿਤ ਕੀਰਤਨ ਟ੍ਰਸਟ ਵਲੋਂ ਜਾਰੀ ਕੀਤੀ ਜਾ ਰਹੀ ਹੈ ।

ਆਪ ਜੀ ਪੰਥ ਦਾ ਇੱਕ ਅਮੋਲਕ ਖਜਾਨਾ ਸਨ । ਭਾਵੇਂ ਅਸੀਂ ਇਸ ਤਰ੍ਹਾਂ ਕਹਿ ਦਿੰਦੇ ਹਾਂ ਕਿ ਸਦੀਵੀ ਵਿਛੋੜਾ ਦੇ ਗਏ ਹਨ ਪਰ ਇਸ ਤਰ੍ਹਾਂ ਦੇ ਗੁਰਮੁਖਾਂ ਨੂੰ ਕਹਿਣਾ ਥੋੜ: ਅਜੀਬ ਲੱਗਦਾ ਹੈ ਕਿਉਂਕਿ ਜੇਕਰ ਸਮਾਜ ਉਹਨਾਂ ਵਲੋਂ ਪਾਏ ਪੂਰਨਿਆਂ ਤੇ ਫੁੱਲ ਚੜ੍ਹਾਉਂਦਾ ਰਹੇ ਤਾਂ ਇਹ ਇੱਕ ਮਿਲਾਪ ਸਿੱਧ ਹੋਵੇਗਾ । ਕੁਝ ਖੁੱਸਿਆ ਮਹਿਸੂਸ ਤਾਂ ਹੁੰਦਾ ਹੈ । ਜਦੋਂ ਕਿਸੇ ਵੀ ਪ੍ਰਸ਼ਨ ਰੂਪੀ ਜਲ ਦੀ ਪਿਆਸ ਲੱਗਣੀ ਤਾਂ ਸੁਚੱਜੇ ਢੰਗ ਪ੍ਰਾਪਤ ਹੋਏ ਉੱਤਰ ਨੇ ਤ੍ਰਿਪਤ ਕਰ ਦੇਣਾ । ਚੁਲਾ ਉਦੋਂ ਭਰ ਜਾਂਦਾ ਸੀ ਜਦੋਂ ਕਹਿ ਦਿੰਦੇ ਸਨ ਕਿ ਗੁਰਸਿੱਖ ਨੂੰ ਸ਼ੰਕਾ ਨਹੀਂ ਕਰਨਾ ਚਾਹੀਦਾ । ਕੁਦਰਤ ਦਾ ਇਹ ਅਟੱਲ ਨਿਯਮ ਹੈ ਕਿ ਸਰੀਰਕ ਸਾਂਝ ਸਦੀਵੀ ਨਹੀਂ ਰਹਿੰਦੀ :

ਦਾਮਨ ਕਿਸੀ ਕਾ ਹਾਥ ਸੇ ਜਾਤਾ ਰਹਾ-ਮਗਰ
ਏਕ ਰਿਸ਼ਤਾ-ਏ-ਖਿਆਲ ਹੈ ਜੋ ਟੂਟਤਾ ਨਹੀਂ ।

ਵਿਚਾਰਾਂ ਦੀ ਰਿਸ਼ਤੇਦਾਰੀ, ਮੇਲ ਮਿਲਾਪ ਤਥਾ ਯਾਦ ਕਿਸੇ ਦੀਆਂ ਸਿਖਿਆਵਾਂ ਰਾਹੀਂ ਸਦੀਵੀ ਬਣੀ ਰਹਿੰਦੀ ਹੈ ।

ਹਰਿ ਆਪਣੀ ਵਡਿਆਈ ਭਾਵਦੀ
ਜਨ ਕਾ ਜੈਕਾਰੁ ਕਰਾਈ ॥ (੬੫੨)

ਅਜਿਹੇ ਮਾਰਗ ਦੇ ਪਾਂਧੀ ਤੇ ਫਾਸਲਾ ਤਹਿ ਕਰਨ ਯੋਗ ਗੁਰਮੁੱਖ ਸ੍ਰਿਸ਼ਟੀ ਦਾ ਸ਼ਿੰਗਾਰ ਹੋਇਆ ਕਰਦੇ ਹਨ । ਅਜਿਹਾ ਰੁੱਖ ਜਿਸ ਦੀ ਛਾਂ ਗੂੜ੍ਹ ਸੰਘਣੀ ਅਤੇ ਫਲ ਰਸਦਾਇੱਕ ਹੋਣ ਉਸ ਦਾ ਆਨੰਦ ਮਾਣ ਚੁੱਕੇ ਰਾਹੀ ਵਲੋਂ ਉਸ ਨੂੰ ਭੁਲਾ ਦੇਣਾ ਇੱਕ ਅਵੱਗਿਆ ਹੈ । ਹੁਸ਼ਿਆਰਪੁਰ ਦੇ ਵਾਸੀਆਂ ਅਤੇ ਗੁਰੂ ਘਰ ਦੇ ਸਮੂਹ ਪ੍ਰੇਮੀਆਂ ਜੋ ਬਾਬਾ ਜੀ ਦੇ ਸੰਪਰਕ ਵਿੱਚ ਆਏ ਨੂੰ ਵਿਛੋੜਾ ਤਦ ਨਹੀਂ ਮਹਿਸੂਸ ਹੋਏਗਾ ਜੇਕਰ ਇਸ ਚਲਦੀ-ਫਿਰਦੀ ਯੂਨੀਵਰਸਿਟੀ (ਪ੍ਰੋ: ਸਾਹਿਬ) ਹਰੇਕ ਪੱਖ ਸਬੰਧੀ ਗਿਆਨ ਅਤੇ ਜੀਵਨ ਸੇਧ ਦੇਣ ਵਾਲੀ, ਜਿਸ ਦਾ ਹਰ ਬਚਨ ਚਾਨਣ-ਮੁਨਾਰਾ ਹੈ ਦਾ ਸਿਲੇਬਸ ਨਿਰੰਤਰ ਚਾਲੂ ਰੱਖੀਏ । ਸਿਲੇਬਸ ਕੀ ਹੈ ? ਉਸ ਅਦ੍ਰਿਸ਼ਟ ਨਾਲ ਅੰਤਰ ਆਤਮੇ ਜੁੜੇ ਹੋਏ ਸਤ ਪੁਰਸ਼ਾਂ ਵਿੱਚੋਂ ਉਸ ਦੇ ਨੂਰ ਦਾ ਜ਼ਹੂਰ ਹੁੰਦਾ ਹੈ, ਅੰਦਰ ਠੰਢ ਪੈਂਦੀ ਹੈ, ਵਾਹਿਗੁਰੂ ਦੀ ਹੋਂਦ ਅਤੇ ਸਿਦਕ ਤੇ ਸ਼ਰਧਾ ਬੱਝਦੀ ਹੈ । ਉਹਨਾਂ ਜੀਵਨ ਨੂੰ ਗੁਰਮਤਿ ਗਾਡੀ ਦੇ ਰਾਹ ਤੇ ਜਿਵੇਂ ਚਲਾਇਆ ਉਸ ਨੂੰ ਅਪਨਾਉਣਾ ਸਿਲੇਬਸ ਹੈ । ਭਾਵੇਂ ਅਸੀਂ ਉਹਨਾਂ ਜਿੰਨੇ ਸੂਝਵਾਨ ਨਹੀਂ ਬਣ ਸਕਦੇ ਪਰ ਉਸ ਮਾਰਗ ਦੇ ਦਰਸ਼ਨਾਂ ਦੀ ਤਾਂਘ ਤਾਂ ਪ੍ਰੋ: ਕਰਤਾਰ ਸਿੰਘ ਜੀ ਦੀ ਯਾਦ ਨੂੰ ਤਾਜ਼ਿਆਂ ਰੱਖੇਗੀ ਹੀਂ ।

---

ਪਤਾ :ਰਸਪਾਲ ਸਿੰਘ ( ਰਿਲੀਜਸ ਟੀਚਰ ) ਲਾਇਲਪੁਰ ਖਾਲਸਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ, ਸ਼ਾਮ-ਚੁਰਾਸੀ, ਜਿਲਾ :ਹੁਸ਼ਿਆਰਪੁਰ ।

---

# ਮਧੁਰ ਸੁਰ ਦੇ ਕੀਰਤਨੀਏ - ਗਿਆਨੀ ਗੁਰਚਰਨ ਸਿੰਘ 'ਚਰਨ'

ਸੁਰਜੀਤ ਸਿੰਘ ਮਰਜਾਰਾ

ਇੰਗਲੈਂਡ ਦੇ ਗੁਰਦੁਆਰਾ ਸ਼ੈਪਰਡ-ਬੁਸ਼ (Shepard's Bush) ਵਿਖੇ, ਅਕਤੂਬਰ ਮਹੀਨੇ ਦੇ ਇੱਕ ਐਤਵਾਰ ਨੂੰ ਰਾਤਰੀ ਦਾ ਦੀਵਾਨ ਸੀ । ਉਂਞ ਵੀ ਇਸ ਅਸਥਾਨ ਉਤੇ, ਐਤਵਾਰ ਦੀ ਸ਼ਾਮ ਨੂੰ ਦੀਵਾਨ ਸਜਦੇ ਹਨ । ਇਹ ਇੰਗਲੈਂਡ ਦਾ ਪਹਿਲਾ ਗੁਰਦੁਆਰਾ ਸਾਹਿਬ ਕਿਹਾ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ । ਇਸਦਾ ਨਿਰਮਾਨ ਮਹਾਰਾਜਾ ਪਟਿਆਲੇ ਨੇ ਉਦੋਂ ਕਰਵਾਇਆ ਸੀ, ਜਦੋਂ ਏਥੇ ਉਂਗਲਾਂ ਤੇ ਗਿਣੇ ਜਾਣ ਜੋਗੇ ਹੀ, ਗੁਰੂ ਘਰ ਦੇ ਪ੍ਰੇਮੀ ਸਨ ।

ਉਸ ਰਾਤ ਪੰਥ ਦੇ ਪ੍ਰਸਿਧ ਕੀਰਤਨੀਏ, ਭਾਈ ਅਮਰਜੀਤ ਸਿੰਘ 'ਤਾਨ' ਨੇ ਕੀਰਤਨ ਕਰਨਾ ਸੀ, ਉਪਰੰਤ ਮੈਂ ਵੀ ਇੱਕ ਧਾਰਮਿਕ ਕਵਿਤਾ ਪੜ੍ਹਨੀ ਸੀ । ਉਸ ਵੇਲੇ ਮੇਰੇ ਨਾਲ, ਸਾਊਥਹਾਲ ਰਹਿ ਰਹੇ ਗਿ. ਗੁਰਚਰਨ ਸਿੰਘ 'ਚਰਨ' ਸਨ, ਜੋ ਸਾਊਥਹਾਲ ਤੋਂ ਏਥੋਂ ਤਕ, ਮੈਨੂੰ ਆਪਣੀ ਕਾਰ ਵਿੱਚ ਲਿਆਏ ਸਨ ।

ਡਾ: ਅਮਰਜੀਤ ਸਿੰਘ 'ਤਾਨ' ਦੇ ਜਥੇ ਤੋਂ ਪਹਿਲਾਂ, ਬੀਬੀਆਂ ਦਾ ਇੱਕ ਜਥਾ ਕੀਰਤਨ ਕਰ ਰਿਹਾ ਸੀ । ਕੀਰਤਨ-ਸਮਾਪਤੀ ਪਿਛੋਂ, ਜਦੋਂ ਜਥਾ, ਗੁਰਦਵਾਰਾ ਸਾਹਿਬ ਤੋਂ ਬਾਹਰ ਆਇਆ ਤਾਂ ਉਹਨਾਂ ਨਾਲ, ਸਾਡਾ ਮੇਲ ਜੋੜਾ ਖਾਨਾ ਵਿਖੇ ਹੋ ਗਿਆ ਸੀ । ਗਿਆਨੀ ਜੀ ਨੇ, ਬੀਬੀਆਂ ਦੇ ਜਥੇ ਦੀ ਆਗੂ-ਬੀਬੀ ਤੋਂ ਪੁੱਛ ਹੀ ਲਿਆ ਸੀ, "ਤੁਸੀਂ ਪਹਿਲਾ ਸ਼ਬਦ ਰਾਗ ਬਹਾਰ ਵਿੱਚ ਗਾਇਆ ਸੀ ?"

" ਜੀ, ਹਾਂ" ਆਗੂ ਬੀਬੀ ਦਾ ਉੱਤਰ ਸੀ ।

"ਫਿਰ ਤਰਾਨਾ ਗਾਇਆ ਸੀ ?" ਗਿਆਨੀ ਜੀ ਨੇ ਅਗਲੀ ਗੱਲ ਵੀ ਪੁੱਛੀ ।

" ਜੀ, ਹਾਂ .... ਤਰਾਨਾ ਹੀ ਸੀ " ਬੀਬੀ ਜੀ ਨੇ ਗਿਆਨੀ ਜੀ ਦੀ ਪੁੱਛ ਦੀ ਹਾਮੀ ਭਰੀ ਸੀ । ਇਹਨਾਂ ਦੋ ਗੱਲਾਂ ਦੀ ਪੁੱਛ ਨੇ, ਮੈਨੂੰ ਗਿਆਨੀ ਜੀ ਵਿਚਲੇ ਮਹਾਨ ਸੰਗੀਤਕਾਰ ਦੇ ਦਰਸ਼ਨ ਕਰਵਾਏ ਸਨ । ਮਗਰੋਂ ਉਹਨਾਂ ਕਈ ਸਟੇਜਾਂ ਤੋਂ ਜਦੋਂ ਆਪਣੇ ਪ੍ਰੋਗਰਾਮ ਪੇਸ਼ ਕੀਤੇ ਤਾਂ ਗੱਲ ਹੋਰ ਵੀ ਨਿੱਖਰੀ ਸੀ ਤੇ ਉਹਨਾਂ ਆਪਣੇ ਗਾਇਨ ਬਾਰੇ ਤੇ ਹੋਰਾਂ ਜਥਿਆਂ ਬਾਰੇ ਵੀ ਸਮੇਂ ਸਮੇਂ, ਮੇਰੇ ਨਾਲ ਖੁਲ੍ਹ ਕੇ ਗੱਲ ਵੀ ਕੀਤੀ ਸੀ । ਗਿਆਨੀ ਜੀ ਜਿੱਥੇ ਮਹਾਨ ਸੰਗੀਤਕਾਰ ਤੇ ਮਧੁਰ ਸੁਰ ਦੇ ਕੀਰਤਨੀਏ ਹਨ, ਉਥੇ ਆਪ ਧਾਰਮਿਕ ਕਵੀ ਵੀ ਹਨ । ਆਪਣੀ ਪੂਨੇ ਦੀ ਯਾਤਰਾ ਸਮੇਂ, ਇਹਨਾਂ ਕਲਾਵਾਂ ਸਦਕਾ ਹੀ, ਉਹਨਾਂ ਦੇ ਨੇੜੇ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਸੀ । ਉਹ ਇੱਕ ਵਧੀਆ ਇਨਸਾਨ ਤੋਂ ਬਿਨਾਂ ਵਿਦਵਾਨ ਤੇ ਨਮਰ ਵਿਅਕਤੀ ਵੀ ਹਨ ।

ਗਿਆਨੀ ਜੀ, ਇਸ ਵੇਲੇ ਚਾਲੀ ਕੁ ਸਾਲਾਂ ਨੂੰ ਢੁਕਣ ਵਾਲੇ ਹਨ । ਪੰਜਾਬ ਵਿੱਚ ਆਪ ਜਿਲ੍ਹਾ ਫਰੀਦਕੋਟ ਦੇ ਪਿੰਡ, ਸਿੰਘਾਂ ਵਾਲਾ ਦੇ ਜੰਮਪਲ ਹਨ । ਆਪ ਜੀ ਦੇ ਸਤਿਕਾਰ ਯੋਗ ਪਿਤਾ ਦਾ ਨਾਂ - ਸ੍ਰ. ਅਜਾਇਬ ਸਿੰਘ ਸੈਂਹਬੀ ਹੈ । ਆਪ ਨੇ ਫਸਟ ਡਵੀਜ਼ਨ ਪ੍ਰਾਪਤ ਕਰਕੇ, ਭੂਪਿੰਦਰਾ ਸਕੂਲ ਮੋਗਾ ਤੋਂ ਮੈਟ੍ਰਿਕ ਪਾਸ ਕੀਤੀ ।

ਮੁੱਢ ਤੋਂ ਹੀ ਗਿਆਨੀ ਜੀ ਦਾ ਝੁਕਾਅ ਕੀਰਤਨ ਵਲ ਸੀ । ਪਿਤਾ ਜੀ ਨੇ ਵੀ, ਆਪ ਦੇ ਇਸ ਝੁਕਾਅ ਨੂੰ ਵੇਖ ਕੇ, ਆਪਦੀ ਸਹਾਇਤਾ ਹੀ ਕੀਤੀ ਤੇ ਆਪ ਜੀ ਨੂੰ, ਨਾਨਕਸਰ (ਕਲੇਰਾਂ) ਵਿਖੇ, ਸੰਤ ਬਾਬਾ ਕੁੰਦਨ ਸਿੰਘ ਜੀ ਪਾਸ ਲੈ ਗਏ ਤੇ ਬਾਬਾ ਜੀ ਨੂੰ, ਬੱਚੇ ਲਈ ਕੀਰਤਨ ਦੀ ਦਾਤ ਬਖਸ਼ਸ਼ ਕਰਨ ਲਈ, ਗੁਰੂ ਸਾਹਿਬ ਅੱਗੇ ਅਰਦਾਸ ਕਰਨ ਲਈ ਬੇਨਤੀ ਕੀਤੀ ਤੇ ਆਪ ਨੂੰ ਬਾਬਾ ਜੀ ਕੋਲ, ਕੀਰਤਨ-ਪ੍ਰਾਪਤੀ ਲਈ ਛੱਡ ਆਏ ।

ਉਸ ਦਿਨ ਤੋਂ ਪਿਛੋਂ, ਗਿਆਨੀ ਜੀ ਨੇ ਕਦੇ ਵੀ ਘਰ ਦਾ ਮੋਹ ਨਾ ਕੀਤਾ ਤੇ ਆਪਣਾ ਸਾਰਾ ਸਮਾਂ 'ਕੀਰਤਨ ਨਿਰਮੋਲਕ ਹੀਰਾ ਦੀ ਪ੍ਰਾਪਤੀ ਲਈ ਅਰਪਣ ਕਰ ਦਿਤਾ । ਗਿਆਨੀ ਜੀ ਆਪਣੇ ਮੁੱਢਲੇ ਉਸਤਾਦ, ਗੁਰੂ ਘਰ ਦੇ ਮਹਾਨ ਕੀਰਤਨੀਏ - ਰਾਗੀ ਕੇਹਰ ਸਿੰਘ ਜੀ ਨੂੰ ਮੰਨਦੇ ਹਨ, ਜਿਨ੍ਹਾਂ ਬੜੇ ਪਿਆਰ ਸਹਿਤ, ਗਿਆਨੀ ਜੀ ਨੂੰ ਸੰਗੀਤ ਵਿੱਦਿਆ ਵਿੱਚ ਪ੍ਰਬੀਨ ਕੀਤਾ । ਰਾਗੀ ਕੇਹਰ ਸਿੰਘ ਜੀ ਨੇ ਵੀ ਆਪਣੇ ਜੀਵਣ ਦਾ ਲਗਭਗ ਬਹੁਤਾ ਸਮਾਂ, ਨਾਨਕਸਰ ਵਿਖੇ ਹੀ, ਗੁਰੂ ਘਰ ਦੇ ਕੀਰਤਨ ਲਈ ਤੇ ਕੀਰਤਨ -ਪ੍ਰੇਮੀਆਂ ਦੀ ਸਿਖਲਾਈ ਵਿਚ ਲਾਇਆ ।

ਰਾਗੀ ਕੇਹਰ ਸਿੰਘ ਜੀ ਤੋਂ ਪਿਛੋਂ, ਗਿਆਨੀ ਜੀ ਆਪਣਾ ਸਭ ਤੋਂ ਵੱਡਾ ਸਤਿਕਾਰ, ਪ੍ਰੋ: ਅਵਤਾਰ ਸਿੰਘ ਨਾਜ਼ ਨੂੰ ਭੇਟ ਕਰਦੇ ਹਨ, ਜੋ ਨਾਨਕਸਰ ਵਿਖੇ ਅਕਸਰ, ਇਸ ਮਹਾਨ ਅਸਥਾਨ ਦੇ ਦਰਸ਼ਨਾਂ ਨੂੰ ਆਇਆ ਕਰਦੇ ਸਨ। ਪ੍ਰੋ: ਸਾਹਿਬ ਨੇ ਬਾਕਾਇਦਾ ਤੌਰ ਤੇ, ਕਈ ਯੂਨੀਵਰਸਟੀਆਂ ਤੋਂ ਸੰਗੀਤ-ਪ੍ਰੀਖਿਆਵਾਂ ਪਾਸ ਕੀਤੀਆਂ ਹੋਈਆਂ ਸਨ। ਪ੍ਰੋ: ਸਾਹਿਬ ਨੇ ਹੀ, ਗਿਆਨੀ ਜੀ ਨੂੰ, ਸੰਗੀਤ-ਪ੍ਰੀਖਿਆਵਾਂ ਪਾਸ ਕਰਨ ਲਈ ਪ੍ਰੇਰਿਆ ਤੇ ਇਲਾਹਾਬਾਦ ਯੂਨੀਵਰਸਟੀ ਨਾਲ ਸੰਬੰਧ ਜੋੜਿਆ, ਜਿਥੋਂ ਗਿਆਨੀ ਜੀ ਨੇ ਸੰਗੀਤ ਭੂਸ਼ਨ ਤੇ ਸੰਗੀਤ-ਵਿਸ਼ਾਰਦ ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ।

ਆਪ ਨੇ ਪੂਰੇ ਪੰਦਰਾਂ ਸਾਲ, ਨਾਨਕਸਰ ਵਿਖੇ, ਸੰਤ ਬਾਬਾ ਕੁੰਦਨ ਸਿੰਘ ਜੀ ਦੀ ਦੇਖ ਰੇਖ ਹੇਠ ਗੁਜ਼ਾਰੇ ਤੇ ਬਾਬਾ ਜੀ ਕੋਲੋਂ, ਗੁਰਬਾਣੀ ਦੇ ਪਾਠ ਤੇ ਅਧਿਐਨ ਬਾਰੇ ਬਹੁਤ ਕੁਝ ਜਾਣਿਆ। ਏਥੇ ਰਹਿਕੇ ਹੀ, ਆਪ ਦਾ ਸੰਪਰਕ ਗੁਰੂ ਘਰ ਦੇ ਮਹਾਨ ਕੀਰਤਨੀਆਂ ਨਾਲ ਹੁੰਦਾ ਰਿਹਾ। ਸੁਣਨ ਸੁਣਾਉਣ ਦੀ ਕਲਾ ਨੇ ਹੀ, ਆਪ ਨੂੰ ਸੰਗੀਤ ਤੇ ਕੀਰਤਨ ਦੇ ਖੇਤਰ ਵਿੱਚ ਪ੍ਰਬੀਨ ਤੇ ਪ੍ਰੌੜ੍ਹ ਬਣਾਇਆ।

ਸੰਤ ਬਾਬਾ ਕੁੰਦਨ ਸਿੰਘ ਜੀ ਦਾ ਅਸ਼ੀਰਵਾਦ ਸਦਕਾ ਹੀ, ਆਪ 1982 ਈ. ਵਿੱਚ ਯੂ.ਕੇ. ਜਾ ਟਿਕੇ ਤੇ ਗੁਰਦੁਆਰਾ ਰਾਮਗੜ੍ਹੀਆ ਵਿਖੇ, ਮੁੱਖ ਰਾਗੀ ਵਜੋਂ ਡਿਊਟੀ ਨਿਭਾਈ, ਪਰ ਆਪ ਦੀ ਸੁਤੰਤਰ ਤਬੀਅਤ ਨੇ ਸੁਤੰਤਰ ਤੇ ਵਿਸ਼ਾਲ ਖੇਤਰ ਵਿਚ ਉਡਾਣ ਭਰਨ ਦੀ ਇੱਛਾ ਪ੍ਰਗਟਾਈ ਤੇ ਕਈ ਦੇਸ਼ਾਂ ਦਾ ਭਰਮਣ ਵੀ ਕੀਤਾ।

ਗਿਆਨੀ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਲਗਭਗ ਸਾਰੇ ਰਾਗਾਂ ਵਿੱਚ ਗਾਇਨ ਕਰਨ ਦੀ ਮੁਹਾਰਤ ਰੱਖਦੇ ਹਨ। ਲੋਕ ਧਰਾਵਾਂ ਤੋਂ ਲੈ ਕੇ, ਹਲਕੇ ਫੁਲਕੇ, ਲਾਇਟ ਕਲਾਸੀਕਲ ਤੇ ਕਲਾਸੀਕਲ ਸੰਗੀਤ ਦੀਆਂ ਵਿੱਭਨ ਪੱਧਤੀਆਂ ਦੁਆਰਾ ਗਾਇਨ ਕਰ ਕੇ ਆਤਮਿਕ ਖੇੜਾ ਪ੍ਰਾਪਤ ਕਰਦੇ ਰਹਿੰਦੇ ਹਨ। ਆਪ ਦਾ ਸਾਥ, ਆਪ ਦੇ ਛੋਟੇ ਭਰਾ ਤੇ ਭਤੀਜਾ ਦਿੰਦੇ ਹਨ।

ਨਵਿਆਂ ਸਾਜਾਂ ਨੂੰ ਵਜਾਉਣ ਤੇ ਗਾਉਣ ਲਈ ਵੀ ਆਪ ਪ੍ਰਬੀਨ ਹਨ, ਪਰ ਉਹ ਅਜਿਹਾ ਅਭਿਆਸ ਰਿਆਜ਼ ਸਦਕਾ ਕਰ ਸਕਣ ਦੀ ਗੱਲ ਵੀ ਕਰਦੇ ਹਨ। ਆਤਮਿਕ ਤੌਰ ਤੇ ਨਾਨਕਸਰ (ਕਲੇਰਾਂ) ਨਾਲ ਜੁੜੇ,ਗਿਆਨੀ ਚਰਨ ਜੀ, ਪਿਛਲੇ ਕਈ ਵਰ੍ਹਿਆਂ ਤੋਂ, ਸੰਤ ਬਾਬਾ ਨੰਦ ਸਿੰਘ ਜੀ ਤੇ ਸੰਤ ਬਾਬਾ ਈਸ਼ਰ ਸਿੰਘ ਜੀ ਦੀਆਂ ਬਰਸੀਆਂ, ਬੜੀ ਸ਼ਰਧਾ ਪੂਰਵਕ, ਸੰਗਤਾਂ ਦੇ ਸਹਿਯੋਗ ਨਾਲ ਮਨਾਉਂਦੇ ਆ ਰਹੇ ਹਨ, ਜਿਨ੍ਹਾਂ ਵਿਚ ਪੰਥ-ਪ੍ਰਸਿਧ ਕੀਰਤਨੀ ਜਥੇ ਭਾਗ ਲੈਂਦੇ ਹਨ। ਇਸ ਤਰ੍ਹਾਂ ਆਪ ਨਾਮ ਬਾਣੀ ਤੇ ਕੀਰਤਨ ਦਾ ਅਤੁੱਟ ਪ੍ਰਵਾਹ ਚਲਾਉਂਦੇ ਹਨ।

ਗਿਆਨੀ ਜੀ ਦੀ ਹਮਸਫਰ-ਕੀਨਿਆ ਤੋਂ ਆਈ ਬੀਬੀ ਬਲਵਿੰਦਰ ਕੌਰ, ਆਪਦੀ ਕਲਾ ਨਿਖਾਰਨ ਤੇ ਵਿਕਸਤ ਕਰਨ ਵਿਚ ਬਹੁਤ ਸਹਾਈ ਹੁੰਦੇ ਹਨ। ਦੋਵੇਂ ਛੋਟੀਆਂ ਬੇਟੀਆਂ, ਆਪਣੇ ਡੈਡ ਦੀ ਸੰਗਤ ਕਰਨ ਤੇ ਸੰਗੀਤ ਪ੍ਰਾਪਤ ਕਰਨ ਵਿੱਚ ਮਾਣ ਮਹਿਸੂਸ ਕਰਦੀਆਂ ਹਨ।

ਕਿਸੇ ਇਨਾਮ ਜਾਂ ਚਾਹਤ ਤੋਂ ਬਿਨਾਂ, ਆਪ ਨਿਸ਼ਕਾਮਤਾ ਸਹਿਤ ਯੂ.ਕੇ. ਵਿਚ, ਕੀਰਤਨ ਦੀ ਇਲਾਹੀ ਦਾਤ ਵੰਡ ਰਹੇ ਹਨ ਤੇ ਇਸ ਗੱਲ ਦਾ ਭਲੀ ਭਾਂਤ ਅਹਿਸਾਸ ਕਰਵਾ ਰਹੇ ਹਨ :

**ਕਲਿਜੁਗ ਮਹਿ ਕੀਰਤਨ ਪ੍ਰਧਾਨਾ ॥**
**ਗੁਰਮੁਖ ਜਪੀਐ ਲਾਇ ਧਿਆਨਾ ॥**

---

ਪਤਾ :ਸੁਰਜੀਤ ਸਿੰਘ ਮਰਜਾਰਾ ਵਾਰਡ ਨੰ : 1 ਨੇੜੇ ਰੇਲਵੇ ਸਟੇਸ਼ਨ, ਮੰਡੀ ਗੋਬਿੰਦਗੜ੍ਹ (ਫਤਹਿਗੜ੍ਹ ਸਾਹਿਬ)

---

# ਸਿਖ ਅਰਦਾਸ ਦਾ ਰੂਪ

**ਡਾ. ਜਸਵੰਤ ਸਿੰਘ ਨੇਕੀ**

ਸਿਖ ਧਰਮ ਅਰਦਾਸ-ਕੇਂਦ੍ਰਿਤ ਧਰਮ ਹੈ । ਇਥੇ ਅਰਦਾਸ ਨਿੱਜੀ ਵੀ ਹੈ, ਜਮਾਤੀ ਵੀ । ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪ੍ਰਾਰਥਨਾ ਦਾ ਹਰ ਸ਼ਬਦ ਨਿੱਜੀ ਅਰਦਾਸ ਹੀ ਹੈ-ਯਾਚਨਾ ਦੀ, ਸ਼ੁਕਰਾਨੇ ਦੀ, ਗੁਣਾਨਬਾਦ ਦੀ, ਭਗਤੀ ਦੀ, ਭਰੋਸੇ ਦੀ । ਬਾਣੀ ਵਿਚ ਕਦਮ ਕਦਮ ਤੇ ਅਰਦਾਸ ਦ੍ਰਿੜ੍ਹ ਕਰਵਾਈ ਗਈ ਹੈ :

**ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ।**
**ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ।**

-ਗੂਜਰੀ ਵਾਰ ਮ: ੫ (519/11)

ਇਸ ਨਿੱਜੀ ਅਰਦਾਸ ਦੇ ਨਾਲ ਇਕ ਜਮਾਤੀ ਅਰਦਾਸ ਵੀ ਹੈ, ਜੋ ਪੰਥ ਦੀਆਂ ਸਮੂਹਕ ਆਕਾਂਖਿਆਵਾਂ ਨੂੰ ਰੂਪਮਾਨ ਕਰਦੀ ਹੈ । ਇਹ ਅਰਦਾਸ ਸਿੱਖਾਂ ਦੀ ਹਰ ਧਾਰਮਿਕ ਰਸਮ ਦਾ ਅੰਗ ਬਣ ਗਈ ਹੈ, ਤੇ ਇਸ ਵਿਚ ਨਿੱਜੀ ਆਕਾਂਖਿਆਵਾਂ ਦੇ ਪ੍ਰਗਟਾਉ ਨੂੰ ਵੀ ਸਥਾਨ ਮਿਲ ਗਿਆ ਹੈ । ਇਸੇ ਨੂੰ 'ਅਰਦਾਸ' ਦੇ ਨਾਮ ਹੇਠ ਗੁਟਕਿਆਂ ਵਿਚ ਸ਼ਾਮਲ ਕੀਤਾ ਜਾਂਦਾ ਹੈ । ਇਸ ਨੂੰ ਗੁਰਬਾਣੀ ਦੇ ਤੁਲ ਹੀ ਸਤਿਕਾਰ ਪ੍ਰਾਪਤ ਹੈ ।

ਇਸ ਅਰਦਾਸ ਨੂੰ ਵਾਚਣ-ਵਿਚਾਰਨ ਹਿਤ ਅਸੀਂ ਹੇਠ ਲਿਖੀਆਂ ਟੁਕੜੀਆਂ ਵਿਚ ਵੰਡ ਸਕਦੇ ਹਾਂ :

1. ੴ ਵਾਹਿਗੁਰੂ ਜੀ ਕੀ ਫਤਹ (ਤੋਂ) .... ਸ੍ਰੀ ਭਗਉਤੀ ਜੀ ਸਹਾਇ (ਤਕ)
2. ਪ੍ਰਿਥਮ ਭਗਉਤੀ ਸਿਮਰ ਕੈ .... (ਤੋਂ) .... ਸਭ ਥਾਈਂ ਹੋਇ ਸਹਾਇ (ਤਕ)
3. ਦਸਵੇਂ ਪਾਤਸ਼ਾਹ .... .... (ਤੋਂ) .... ਪਾਠ ਦੀਦਾਰ ਦਾ ਧਿਆਨ (ਤਕ)
4. ਪੰਜਾਂ ਪਿਆਰਿਆਂ .... .... (ਤੋਂ) .... ਤਿਨ੍ਹਾਂ ਦੀ ਕਮਾਈ ਧਿਆਨ ਧਰ ਕੇ .... (ਤਕ)
5. ਪੰਜਾਂ ਤਖ਼ਤਾਂ .... .... (ਤੋਂ) ਧਰ ਕੇ ਧਿਆਨ (ਤਕ)
6. ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ (ਤੋਂ) .... .... ਖਾਲਸਾ ਜੀ ਕੇ ਬੋਲ ਬਾਲੇ .... (ਤਕ)
7. ਸਿਖਾਂ ਨੂੰ ਸਿੱਖੀ ਦਾਨ .... .... (ਤੋਂ) .... ਧਰਮ ਕਾ ਜੈਕਾਰ .... .... (ਤਕ)
8. ਸਿਖਾਂ ਦਾ ਮਨ ਨੀਵਾਂ .... (ਤੋਂ) .... ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ .... (ਤਕ)
9. ਹੇ ਨਿਮਾਣਿਆਂ ਦੇ ਮਾਣ .... (ਤੋਂ) .... ਦੀ ਅਰਦਾਸ ਹੈ .... .... (ਤਕ)
10. ਨਾਨਕ ਨਾਮ ਚੜ੍ਹਦੀ ਕਲਾ .... (ਤੋਂ) .... .... ਸਰਬੱਤ ਦਾ ਭਲਾ (ਤਕ) ।

ਇਹਨਾਂ ਵਿਚੋਂ ਪਹਿਲੀਆਂ ਪੰਜ ਟੁਕੜੀਆਂ ਮੰਗਲਾਚਰਨ ਜਾਂ ਅਭਿਨੰਦਨ ਦੀਆਂ ਟੁਕੜੀਆਂ ਹਨ, ਤੇ ਪਿਛਲੇਰੀਆਂ ਪੰਜ ਯਾਚ੍ਹਨਾ ਦੀਆਂ ।

"ੴ ਵਾਹਿਗੁਰੂ ਜੀ ਕੀ ਫਤਹ" ਵਸਤੂ-ਨਿਰਦੇਸ਼ ਮੰਗਲ ਹੈ । ਮੰਗਲ ਦਾ ਇਹ ਭੇਦ ਰਚਨਾ ਵਿਸ਼ੇਸ਼ ਦਾ ਪ੍ਰਾਥਮਿਕ ਆਭਾਸ ਪ੍ਰਾਪਤ ਕਰਾਉਂਦਾ ਹੈ । 'ੴ' ਨਿਰਗੁਣ-ਸਰਗੁਣ ਬ੍ਰਹਮ ਦਾ ਲਖਾਇਕ ਹੈ । 'ਵਾਹਿਗੁਰੂ ਜੀ ਕੀ ਫਤਹ' ਇਸੇ ਬ੍ਰਹਮ ਦਾ ਜੈਕਾਰ ਹੈ । ਇਉਂ ਬ੍ਰਹਮ ਦੇ ਜੈਕਾਰ ਨਾਲ ਅਰੰਭ ਹੋਣ ਵਾਲੀ ਅਰਦਾਸ ਨਾਲੇ ਇਕ ਵਾਹਿਗੁਰੂ ਵਿਚ ਵਿਸ਼ਵਾਸ ਦ੍ਰਿੜ੍ਹ ਕਰਾਉਂਦੀ ਹੈ, ਨਾਲੇ ਇਖ਼ਲਾਕੀ ਫਤਹ (ਵਾਹਿਗੁਰੂ ਜੀ ਕੀ ਫਤਹ) ਦਾ ਨਿਸਚਾ ।

"ਸ੍ਰੀ ਭਗਉਤੀ ਜੀ ਸਹਾਇ" ਆਸ਼ੀਰਵਾਦਕ ਮੰਗਲ ਹੈ । ਆਸ਼ੀਰਵਾਦ, ਮੰਗਲ ਕਾਮਨਾ ਸੂਚਕ ਵਾਕ ਦਾ ਨਾਮ ਹੈ । ਅਧਿਆਤਮਕ ਸਾਹਿੱਤ ਵਿਚ ਪ੍ਰਭੂ ਪਾਸੋਂ ਆਸ਼ੀਰਵਾਦ ਲੈ ਕੇ ਹੀ ਰਚਨਾ ਦਾ ਕਾਰਜ ਆਰੰਭ ਕਰਨ ਦਾ ਰਿਵਾਜ ਚਲਿਆ ਆਇਆ ਹੈ । 'ਭਗਉਤੀ' ਪਦ ਏਥੇ ਮਹਾਕਾਲ ਅਥਵਾ ਅਕਾਲ ਪੁਰਖ ਲਈ ਵਰਤਿਆ ਗਿਆ ਹੈ । ਇਉਂ, 'ਭਗਉਤੀ ਜੀ ਸਹਾਇ' ਅਕਾਲ ਪੁਰਖ ਦੀ ਆਸ਼ੀਰਵਾਦ ਦਾ ਸੂਚਕ ਹੈ ।

ਇਸ ਤੋਂ ਉਪਰੰਤ 'ਇਸ਼ਟ ਮੰਗਲ' ਰਾਹੀਂ ਸਤਿਗੁਰਾਂ ਦਾ ਅਭਿਨੰਦਨ ਹੈ – ਪਹਿਲਾਂ ਇਤਿਹਾਸਕ । ਇਸ ਅਭਿਨੰਦਨ ਦਾ ਕ੍ਰਮ ਜੋਤਿ-ਜੁਗਤਿ ਦੇ ਅਵਿਰਲ ਵਰਤਾਰੇ ਨੂੰ ਦ੍ਰਿੜ੍ਹ ਕਰਾਉਂਦਾ ਹੈ ।

'ਸਭ ਥਾਈਂ ਹੋਇ ਸਹਾਇ' ਆਭਾਰਾਤਮਕ ਮੰਗਲ ਹੈ । ਇਸ ਵਿਚ ਸਤਿਗੁਰਾਂ ਕੋਲੋਂ ਪ੍ਰਾਪਤ ਹੁੰਦੀ ਸਹਾਇਤਾ ਦਾ ਵਿਸ਼ਵਾਸ ਵੀ ਹੈ, ਸ਼ੁਕਰਾਨਾ ਵੀ ।

ਸਿਖ ਅਰਦਾਸ ਵਿਚ ਜਾਚਕ ਆਪਣੇ ਇਸ਼ਟ ਪਾਸੋਂ ਕੇਵਲ ਮੁਰਾਦਾਂ ਹੀ ਨਹੀਂ ਮੰਗਦਾ, ਇਸ ਤੋਂ ਪਹਿਲਾਂ ਆਪਣਾ ਅਕੀਦਾ ਪ੍ਰਗਟ ਕਰਦਾ ਹੈ ਤੇ ਅਕੀਦਤ ਪੇਸ਼ ਕਰਦਾ ਹੈ । ਇਹ ਵਿਸ਼ਵਾਸ ਪ੍ਰਪੱਕ ਕਰਦਾ ਹੈ ਕਿ ਪ੍ਰਭੂ ਉਸ ਦੀ ਅਰਦਾਸ ਸੁਣੇਗਾ । ਅਰਦਾਸ ਦਾ ਮੰਗਲ-ਭਾਗ ਇਕ ਪਾਸੇ ਆਸਤਕਤਾ ਦਾ, ਵਿਸ਼ਵਾਸ ਦਾ ਐਲਾਨ ਹੈ ਤੇ ਦੂਜੇ ਪਾਸੇ ਸਹਾਇਤਾ ਦੇ ਭਰੋਸੇ ਦਾ ਐਲਾਨ !

ਅਗਲੀਆਂ ਪੰਜ ਟੁਕੜੀਆਂ ਜਾਚਨਾ ਦੀਆਂ ਬੰਦਿਸ਼ਾਂ ਹਨ । ਇਹਨਾਂ ਵਿਚੋਂ ਪਹਿਲੀਆਂ ਤਿੰਨ ਟੁਕੜੀਆਂ ਵਿਚ 'ਸਰਬੱਤ ਖ਼ਾਲਸਾ' ਜੀ ਦੀ ਅਰਦਾਸ ਹੈ । ਸਭ ਤੋਂ ਪਹਿਲੋਂ ਸਰਬੱਤ ਖ਼ਾਲਸਾ ਜੀ ਲਈ ਨਾਮ ਦੀ ਯਾਚਨਾ ਕੀਤੀ ਗਈ ਹੈ । ਤਿੰਨ ਵਾਰੀ 'ਵਾਹਿਗੁਰੂ' ਬੋਲ ਕੇ ਇਸ ਦੀ ਸਾਧਨਾ ਦਾ ਸੰਕੇਤ ਕੀਤਾ ਗਿਆ ਹੈ । 'ਜਹਾਂ ਜਹਾਂ ਖ਼ਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ' ਦੀ ਮੰਗ ਮੰਗ ਕੇ ਦੇਸਾਂ ਦੇਸਾਂਤ੍ਰਾਂ ਵਿਚ ਵਸਦੇ ਸਮੂਹ ਸਿੰਘਾਂ ਲਈ ਸਲਾਮਤੀ ਤੇ ਹਿਫ਼ਾਜ਼ਤ ਲਈ ਪ੍ਰਾਰਥਨਾ ਕੀਤੀ ਗਈ ਹੈ । ਅਰਦਾਸ ਦੇ ਇਸ ਭਾਗ ਰਾਹੀਂ ਹਰ ਸਿੱਖ ਵਿਅਕਤੀ ਸਮੁੱਚੀ ਸਿਖ ਕੌਮ ਨਾਲ ਜੁੜਦਾ ਹੈ, ਤੇ ਉਸ ਦਾ ਅਨਿਖੜ ਅੰਗ ਹੋਣ ਦਾ ਅਨੁਭਵ ਪ੍ਰਤੀਤ ਕਰਦਾ ਹੈ । ਆਪਣੀ ਸਲਾਮਤੀ ਤੋਂ ਪਹਿਲਾਂ ਸਮੁੱਚੀ ਕੌਮ ਦੀ ਸਲਾਮਤੀ ਦੀ ਯਾਚਨਾ ਕਰ ਕੇ ਉਹ ਇਕ ਸਮੂਹਕ ਭਾਵਨਾ ਦਾ ਭਾਗੀ ਬਣਦਾ ਹੈ । ਪੰਥ ਦੀਆਂ ਸਾਂਝੀਆਂ ਰੀਝਾਂ ਦਾ ਅਰਦਾਸੀਆ ਬਣ ਕੇ ਉਹ ਪੰਥਕ ਸਾਂਝੀਵਾਲਤਾ ਦਾ ਅਨੁਭਵ ਮਾਣਦਾ ਹੈ । 'ਪੰਥ ਕੀ ਜੀਤ' ਤੇ 'ਬਿਰਦ ਕੀ ਪੈਜ' ਦੀਆਂ ਅਰਜ਼ੋਈਆਂ ਨਾਲ ਜਥੇਬੰਦਕ ਇਕਮੁੱਠਤਾ ਤੇ ਸਮੂਹਕ ਫਤਹਯਾਬੀ ਦੀ ਪ੍ਰੇਰਨਾ ਜਗਾਉਂਦਾ ਹੈ ।

ਅਗਲੀ ਟੁਕੜੀ ਵਿਚ ਉਹ ਦਾਤ ਮੰਗੀ ਗਈ ਹੈ ਜੋ ਸਿਖ ਨੂੰ ਸਭ ਦਾਤਾਂ ਤੋਂ ਪੇਸ਼ਤਰ ਲਗਦੀ ਹੈ । ਉਹ 'ਸਿੱਖੀ ਦਾਨ' ਮੰਗਦਾ ਹੈ - ਆਪਣੇ ਲਈ ਹੀ ਨਹੀਂ, ਸਮੂਹ ਸਿਖਾਂ ਲਈ । ਇਸ ਦਾਨ ਦੀ ਯਾਚਨਾ ਉਹ ਤਫਸੀਲ ਨਾਲ ਕਰਦਾ ਹੈ । ਪਹਿਲਾਂ ਸਿੱਖੀ ਸਰੂਪ ਤੇ ਸਿੱਖੀ ਰਹਿਤ ਦਾ ਦਾਨ ਮੰਗਦਾ ਹੈ । ਫਿਰ ਸਿੱਖੀ ਆਚਰਨ ਦੀ ਪ੍ਰਪੱਕਤਾ ਲਈ ਬਿਬੇਕ ਦਾਨ ਮੰਗਦਾ ਹੈ । ਉਪ੍ਰੰਤ ਸਿੱਖੀ ਸਿਦਕ ਦ੍ਰਿੜ੍ਹ ਕਰਨ ਹਿਤ ਭਰੋਸਾ ਤੇ ਵਿਸਾਹ ਦੀ ਯਾਚਨਾ ਕਰਦਾ ਹੈ । ਅੰਤ ਆਪਣੇ ਧਰਮ-ਕੇਂਦਰ ਨਾਲ ਜੁੜਨ ਦੀ ਇੱਛਾ ਨਾਲ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨਾਂ ਤੇ ਇਸ਼ਨਾਨ ਦੀ ਮੰਗ ਮੰਗਦਾ ਹੈ । ਪਰ ਉਹ ਨਾਮ ਦਾਨ ਲਈ ਫਿਰ ਉਚੇਚੀ ਯਾਚਨਾ ਕਰਦਾ ਹੈ, ਇੰਸ 'ਦਾਨਾਂ ਸਿਰ ਦਾਨ' ਲਈ ਝੋਲੀ ਅੱਡ ਕੇ । 'ਧਰਮ ਦਾ ਜੈਕਾਰ!' ਇਖ਼ਲਾਕੀ ਫਤਹ ਦੇ ਸੰਕਲਪ ਨੂੰ ਇਕ ਵੇਰ ਫਿਰ ਦ੍ਰਿੜ੍ਹ ਕਰਾਉਂਦਾ ਹੈ ।

ਸੰਝ ਸਵੇਰੇ ਸਿਖ ਸੰਗਤਾਂ ਵਲੋਂ ਹੁੰਦੀਆ ਅਰਦਾਸਾਂ ਦੀਆਂ ਪਵਿੱਤਰ ਭਾਵਨਾਵਾਂ ਦਸਾਂ ਦਿਸ਼ਾਂ ਵਿਚ ਪਸਰਦੀਆਂ ਹਨ । ਜਿਥੇ ਜਿਥੇ ਵੀ ਖ਼ਾਲਸਾ ਜੀ ਸਾਹਿਬ ਦਾ ਵਾਸਾ ਹੈ, ਉਥੇ ਉਥੇ ਚੜ੍ਹਦੀ ਕਲਾ ਦਾ ਸੁਨੇਹਾ ਲੈ ਜਾਂਦੀਆਂ ਹਨ - ਭਾਵੇਂ ਉਹ ਸੰਸਾਰ ਭਰ ਦੇ ਕਿਸੇ ਹਿੱਸੇ ਵਿਚ ਵੀ ਕਿਉਂ ਨਾ ਵੱਸਦੇ ਹੋਣ । ਗੁਰਦੁਆਰਾ ਸੁਧਾਰ ਦੀ ਲਹਿਰ ਵੇਲੇ ਜੇਲ੍ਹਾਂ ਅੰਦਰ ਬੰਦੀ ਪਏ ਸਿਖ ਦੋਏ ਵੇਲੇ ਆਤਮਕ ਬਲ ਦੇ ਸਜਰੇ ਹੁਲਾਰੇ ਮਹਿਸੂਸ ਕਰਦੇ ਸਨ, ਕਿਉਂ ਜੁ ਥਾਂ ਥਾਂ 'ਸਰਬੱਤ ਖ਼ਾਲਸਾ ਜੀ' ਲਈ ਅਕਾਲ ਪੁਰਖ ਪਾਸ 'ਰਛਿਆ ਰਿਆਇਤ' ਦੀਆਂ ਅਰਦਾਸਾਂ ਕਰ ਰਹੀਆਂ ਹੁੰਦੀਆਂ ਹਨ ।

ਸਰਬੱਤ ਖ਼ਾਲਸਾ ਜੀ ਲਈ ਕੀਤੀਆਂ ਯਾਚਨਾਵਾਂ ਉਪਰੰਤ ਜਾਚਕ 'ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ', ਅਕਾਲ ਪੁਰਖ, ਵਾਹਿਗੁਰੂ ਅੱਗੇ ਆਪਣਾ ਮਨ ਖੋਲ੍ਹਦਾ ਹੈ । ਇਸ ਤੋਂ ਪਹਿਲਾਂ ਦੇ ਭਾਗਾਂ ਵਿਚ ਤਾਂ ਅਰਦਾਸ ਦਾ ਪਾਠ ਬੜੀ ਹੱਦ ਤੱਕ ਨਿਸਚਿਤ ਸੀ । ਹੁਣ ਸਾਧਕ ਨੂੰ ਖੁਲ੍ਹ ਹੁੰਦੀ ਹੈ, ਜਿਵੇਂ ਚਾਹੇ ਤਿਵੇਂ ਆਪਣੇ ਮਨ ਦਾ ਹਾਲ ਸੁਣਾਏ । ਜੋ ਚਾਹੇ ਸੋ ਯਾਚਨਾ ਕਰੇ । ਆਪਣੇ ਆਪ ਨੂੰ, ਆਪਣੇ ਉਦਮ ਨੂੰ , ਆਪਣੇ ਕੰਮਾਂ ਨੂੰ ਵਾਹਿਗੁਰੂ ਜੀ ਦੇ ਅਰਪਨ ਕਰੇ । ਵਾਹਿਗੁਰੂ ਜੀ ਦੇ ਚਰਨਾਂ ਨਾਲ ਜੁੜੇ ਰਹਿਣ ਦਾ ਵਰ ਮੰਗੇ । ਪ੍ਰਾਪਤੀਆਂ ਲਈ ਸ਼ੁਕਰਾਨਾ ਕਰੇ । ਆਦਰਸ਼ਾਂ ਬਾਰੇ ਪ੍ਰਣ ਲਵੇ । ਤੇ ਇਉਂ ਕਰਦਿਆਂ ਮਾਲਕ ਦੀ ਮਿਹਰਾਮਤ ਦਾ ਭਾਗੀ ਬਣੇ । ਇਸ ਟੁਕੜੀ ਵਿਚ ਕਿਰਤੱਗਤਾ ਦੇ ਭਾਵ ਖ਼ਾਸ ਝਲਕਦੇ ਹਨ । 'ਅੱਖਰ ਵਾਧਾ ਘਾਟਾ, ਭੁਲ ਚੁਕ' ਲਈ ਮਾਫ਼ੀ ਮੰਗੀ ਜਾਂਦੀ ਹੈ । 'ਸਰਬੱਤ ਦੇ ਕਾਰਜ ਰਾਸ' ਲਈ ਅਰਜ਼ੋਈ ਕੀਤੀ ਜਾਂਦੀ ਹੈ । ਐਸੇ ਪਿਆਰਿਆਂ ਦੇ ਮੇਲ ਲਈ ਯਾਚਨਾ ਕੀਤੀ ਜਾਂਦੀ ਹੈ ਜਿਨ੍ਹਾਂ ਮਿਲਿਆਂ ਨਾਮ ਚਿਤ ਆਵੇ । ਸਿਦਕੀ ਜੀਊੜਿਆਂ ਦੇ ਸੰਗ ਸਾਥ ਦੀ ਯਾਚਨਾ ਇਸ ਟੁਕੜੀ ਦਾ ਸਿਖਰ ਹੈ ।

ਅੰਤਲੀ ਟੁਕੜੀ ਵਿਚ, ਜਾਪਦਾ ਹੈ, ਗੁਰਮਤਿ-ਆਸ਼ੇ ਨੂੰ ਸਰਲ ਤੇ ਸੰਖੇਪ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ । 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਦੇ ਅਰਥ ਇਉਂ ਜਾਪਦੇ ਹਨ :

ਨਾਨਕ ਨਾਮ : (ਗੁਰੂ) ਨਾਨਕ (ਦੇ ਅਨੁਸਾਰ) ਨਾਮ (ਜਪਣ ਨਾਲ)
ਚੜ੍ਹਦੀ ਕਲਾ : (ਮਨੋ ਦਸ਼ਾ) ਚੜ੍ਹਦੀ ਕਲਾ (ਆਤਮਕ ਸ਼ਕਤੀ) (ਵਾਲੀ ਬਣ ਜਾਂਦੀ ਹੈ )
ਤੇਰੇ ਭਾਣੇ : (ਜਦ) ਪ੍ਰਭੂ ਦਾ ਭਾਣਾ (ਪਰਵਾਨ ਕਰ ਲਈਏ)
ਸਰਬੱਤ ਦਾ ਭਲਾ : (ਤਾਂ ਇਸ ਭਾਣੇ ਅੰਦਰ) ਸਾਰੀ ਲੋਕਾਈ ਦਾ ਕਲਿਆਣ ਹੁੰਦਾ (ਦਿਸ ਆਉਂਦਾ ਹੈ) ।

ਇਹ ਅਰਦਾਸ, ਜੋ '੧ਓ ਵਾਹਿਗੁਰੂ ਜੀ ਕੀ ਫਤਹ' ਨਾਲ ਸ਼ੁਰੂ ਹੁੰਦੀ ਹੈ, 'ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹ' ਨਾਲ ਸਮਾਪਤ ਹੁੰਦੀ ਹੈ । ਇਉਂ ਫਤਹ ਨਾਲ ਹੀ ਇਸ ਦਾ ਆਦਿ ਹੈ, ਫਤਹ ਨਾਲ ਹੀ ਇਸ ਦੀ ਸਮਾਪਤੀ ।

ਇਸ ਤਰ੍ਹਾਂ ਸਿਖ ਅਰਦਾਸ ਵਾਹਿਗੁਰੂ, ਸਤਿਗੁਰੂ ਤੇ ਸ਼ਬਦ-ਗੁਰੂ ਦੇ ਮੰਗਲ ਉਪਰੰਤ ਗੁਰੂ ਪੰਥ ਦੀਆਂ ਅਦੁੱਤੀ ਘਾਲਨਾਵਾਂ ਦਾ ਅਭਿਨੰਦਨ ਕਰਦੀ ਹੋਈ, ਗੁਰੂ-ਧਾਮਾਂ, ਗੁਰ-ਮਰਯਾਦਾ, ਗੁਰਮਤਿ ਪਰੰਪਰਾ ਨਾਲ ਜੋੜਦੀ, ਖ਼ਾਲਸਾ ਜੀ ਦੀਆਂ ਕੌਮੀ ਆਕਾਂਖਿਆਵਾਂ, ਬਿਬੇਕੀ ਜੋਦੜੀਆਂ, ਤੇ ਉਸ ਦੀ ਸਮਦ੍ਰਿਸ਼ਟਿ ਤੇ ਉਦਾਤ ਸੁਰਤ ਦੇ ਦੀਦਾਰ ਕਰਾਉਂਦੀ ਹੋਈ ਸਮੱਸਤ ਦੇ ਕਲਿਆਣ ਦੀ ਕਾਮਨਾ ਨਾਲ ਆਤਮ-ਸਮਰਪਨ ਦੀ ਭਾਵਨਾ ਜਗਾਉਂਦੀ ਹੈ । ਇਸ ਤਰ੍ਹਾਂ ਇਹ ਇਕ ਸਮੂਹਕ ਰੂਹਾਨੀ ਕਿਰਿਆ ਦੇ ਰੂਪ ਵਿਚ ਆਪਣੀ ਵਿਲੱਖਣਤਾ ਥਾਪਦੀ, ਤੇ ਹੋਰ ਧਰਮਾਂ ਦੀ ਤੁਲਾ ਵਿਚ ਆਪਣੇ ਨਵੇਕਲੀ ਮੁਦ੍ਰਾ ਕਾਇਮ ਕਰਦੀ ਹੈ ।

(ਸਿੰਘ ਬ੍ਰਦਰਜ 'ਅੰਮ੍ਰਿਤਸਰ' ਵਲੋਂ ਪ੍ਰਕਾਸ਼ਿਤ ਪੁਸਤਕ ਅਰਦਾਸ : ਦਰਸ਼ਨ ਰੂਪ, ਅਭਿਆਸ ਵਿੱਚੋਂ ਧੰਨਵਾਦ ਸਹਿਤ)

# ਸਾਧ ਸੰਗਤ

ਡਾ. ਸੁਰਜੀਤ ਸਿੰਘ ਕੁੰਜਾਹੀ

ਸੰਗਤ ਦਾ ਅਸਰ ਮਨੁਖ ਦੇ ਸੁਭਾਅ ਤੇ ਸਿੱਧਾ ਪੈਂਦਾ ਹੈ । ਇਹ ਕੁਦਰਤ ਦਾ ਵੀ ਨਿਯਮ ਹੈ ਕਿ ਜਿਸ ਪ੍ਰਕਾਰ ਦਾ ਮੌਸਮ ਹੁੰਦੈ ਫਿਜਾ ਉਸਦੇ ਮੁਤਾਬਿਕ ਢਲ ਜਾਂਦੀ ਹੈ । ਫਿਜ਼ਾ ਦੇ ਨਾਲ ਹੀ ਸਾਰੀ ਲੁਕਾਈ ਦੇ ਉਮਾਹ, ਉਤਸ਼ਾਹ, ਵਿਸਾਹ ਤੇ ਸੁਭਾਅ ਮੋੜ ਲੈ ਲੈਂਦੇ ਨੇ । ਸਰਦੀ ਦੇ ਮੌਸਮ ਵਿਚ ਕੜਕਦੀ ਸਰਦੀ ਪੈਂਦੀ ਹੈ ਤੇ ਗਰਮੀ ਦੀ ਭਰ ਜੋਬਨ ਰੁੱਤੇ ਅੱਗ ਵਸਦੀ ਹੈ । ਇਹਨਾਂ ਵੱਖ ਵੱਖ ਪ੍ਰਭਾਵਾਂ ਹੇਠ ਧਰਤੀ ਦੇ ਵਸਨੀਕ ਵੀ ਉਸੇ ਰੰਗ ਵਿੱਚ ਰੰਗੇ ਜਾਂਦੇ ਨੇ ! ਜੇ ਸਰਦੀ ਦੀ ਰੁੱਤ ਵਿੱਚ ਥਾਂ ਥਾਂ ਚਾਹ ਦੇ ਸਟਾਲਾਂ ਤੇ ਭੀੜ ਹੁੰਦੀ ਹੈ ਤਾਂ ਗਰਮੀ ਦੀ ਰੁੱਤੇ ਬਰਫਾਂ ਵਾਲੇ ਪਾਣੀਆਂ ਦੇ ਵਪਾਰ ਵਾਹਵਾ ਚਲਦੇ ਹਨ ! ਗਰਮੀ ਚ ਜੀਭਾ ਸੁੱਕੀ ਤੇ ਘੰਡੀ ਸਦਾ ਤਿਰਹਾਈ ਹੁੰਦੀ ਹੈ ਤਾਂ ਸਰਦੀ ਦੀ ਰੁੱਤੇ ਜੀ ਕਰਦੈ ਕਿ ਰਜਾਈ ਦੀ ਬੁੱਕਲ ਚੋਂ ਬਾਹਰ ਨਾ ਨਿਕਲਿਆ ਜਾਵੇ ! ਇਸੇ ਪ੍ਰਕਾਰ ਮੌਸਮੇਂ ਬਰਸਾਤ ਵਿਚ ਛਤਰੀਆਂ ਤੇ ਬਰਸਾਤੀਆਂ ਲਈ ਲੋਕ ਵੱਗੇ ਫਿਰਦੇ ਨੇ ! ਖਾਣ ਪੀਣ ਦਾ ਵੀ ਸਬੰਧ ਇਹਨਾਂ ਬਦਲਦੇ ਮੌਸਮਾਂ ਨਾਲ ਬਦਲਦੈ !

ਇਸੇ ਪ੍ਰਕਾਰ ਮਨੁੱਖ ਦੇ ਅੰਦਰ ਵੀ ਇਕ ਦੁਨੀਆਂ ਵਸਦੀ ਹੈ ! ਇਹਦੀ ਸੋਚ ਦਵਾਲੇ ਵੀ ਇਕ ਬ੍ਰਹਿਮੰਡ ਵਸਦਾ ਹੈ ! ਬਦਲਦੇ ਮੌਸਮਾਂ ਵਾਂਗ ਇਹਦੀ ਬੁੱਧੀ ਵਿਚ ਵੀ ਉਤਾਰ ਚੜਾਅ ਦਾ ਆਉਣਾ ਜਾਣਾ ਲੱਗਾ ਰਹਿੰਦਾ ਹੈ ! ਖੁਸ਼ੀ ਅਤੇ ਖੇੜਾ ਨਾਲ ਨਾਲ ਜੁੜੇ ਹੋਏ ਨੇ । ਗਮੀ ਅਤੇ ਮਾਯੂਸੀ ਰਲਕੇ ਵੱਡੀਆਂ ਹੁੰਦੀਆਂ ਨੇ ! ਜੀਵਨ ਦੀ ਲੰਮੀ ਦੌੜ ਦੌੜਦੇ ਹੋਏ ਹਫੇ ਪ੍ਰਾਣਾਂ ਲਈ ਸੁਖ ਦਾ ਸਾਹ ਨਵੀਂ ਸਫੂਰਤੀ ਭਰ ਦੇਂਦਾ ਹੈ ਤੇ ਟੁੱਟੇ ਅਤੇ ਹੰਭੇ ਹੋਏ ਜਿਗਰੇ ਤੇ ਸੱਟ ਮਗਰੋਂ ਸੱਟ ਮਨੁੱਖ ਨੂੰ ਧੁਰੋਂ ਤਰੋੜ ਦੇਂਦੀ ਹੈ ! ਇਹਨਾਂ ਨਿੱਤ ਦੇ ਬਖੇੜਿਆਂ ਨਾਲ ਹੱਸਦਾ ਰੋਂਦਾ, ਜੀਊਂਦਾ ਮਰਦਾ, ਨਿਸੱਰਦਾ ਹਿਸੱਦਾ, ਉਮਾਹਿਆ ਝੰਵਿਆ ਮਨੁੱਖ ਜੀਵਨ ਪੈਂਡੇ ਤੇ ਟੁਰੀ ਜਾਂਦਾ ਹੈ ! ਸ਼ਾਇਦ ਹੀ ਕੋਈ ਭਾਗਾਂ ਵਾਲਾਂ ਮਨੁੱਖ ਕਿਧਰੇ ਵਸਦਾ ਹੋਵੇ ਜਿਹੜਾ ਇਕ ਸਹਿਰੀ ਰਫਤਾਰ ਨਾਲ ਇਸ ਦੌੜ ਵਿਚ ਪੈਂਡਾ ਪੂਰਦਾ ਪਿਆ ਹੋਵੇ ! ਬਹੁਤੇ ਲੋਕਾਂ ਲਈ ਤਾਂ ਇਹ ਛੱਲਾਂ ਨਿਆਈ ਹੈ । ਇਹ ਉਤਾਰ ਚੜ੍ਹਾਅ ਤਾਂ ਝਗ ਕੱਠੀ ਕਰੀ ਕਿਨਾਰਿਆਂ ਵਲ ਆ ਕੇ ਵਿੱਛ ਜਾਂਦੇ ਹਨ ਤੇ ਵੇਗ ਸ਼ੂਕਨੀ ਮੁਕਾ ਕੇ ਕਿਸੇ ਸਮੁੰਦਰ ਵਿਚ ਵਾਪਸ ਪਰਤ ਜਾਂਦੇ ਨੇ !

ਗੁਰਬਾਣੀ ਗੁਰੂ ਸਾਹਿਬਾਨ ਅਤੇ ਬਾਕੀ ਸੰਤ ਫਕੀਰਾਂ ਦਰਵੇਸ਼ਾਂ ਅਤੇ ਭਗਤਾਂ ਦੀ ਬਾਣੀ ਸੰਗ ਇਸ ਅਵਸਥਾ ਲਈ ਬੜੇ ਸੁਚੱਜੇ ਅਤੇ ਪਰਪੱਕ ਤਰੀਕੇ ਨਾਲ ਨਜਿੱਠਣ ਦਾ ਵਲ ਦਸਦੀ ਹੈ ! ਜੀਵਨ ਦੇ ਹਰ ਪੱਖ, ਕੁਦਰਤ ਦੇ ਹਰ ਅਸੂਲ, ਮਨੁੱਖ ਦੀ ਹਰ ਉਲਝਨ ਅਤੇ ਸੱਚ ਦੀ ਖੋਜ ਕਰ ਰਹੇ ਜਗਿਆਸੂਆਂ ਲਈ ਥਾਂ ਥਾਂ ਤੇ ਖਲੋਤੇ ਸਵਾਲੀਏ ਚਿੰਨ੍ਹਾਂ ਲਈ ਗਿਆਨ ਚਾਨਣ ਨਾਲ ਰੋਸ਼ਨੀ ਪ੍ਰਕਾਸ਼ਮਾਨ ਕਰਨ ਲਈ ਬਾਣੀ ਵਿਚੋਂ ਦਿਸ਼ਾ ਲੈਣ ਲਈ ਖੁਲ੍ਹੀਆਂ ਅੱਖਾਂ ਲਈ ਜ਼ਰੂਰੀ ਹੈ ਕਿ ਉਹ ਆਪਣੇ ਪ੍ਰਸ਼ਨਾਂ ਲਈ ਉਚਿਤ ਥਾਵੋਂ ਉਚਿਤ ਉੱਤਰ ਦੀ ਭਾਲ ਕਰਨ ! ਇਹ ਇਕ ਜਟਿਲ ਅਤੇ ਕਠਿਨ ਸਾਧਨ ਹੈ ! ਪਰ ਇਹ ਇਕ ਸਾਦਾ ਅਤੇ ਸਾਧਾਰਨ ਉਪਾਅ ਬਣ ਜਾਂਦੈ ਜਦੋਂ ਕਿਸੇ ਹੋਰ ਸਿਆਣੇ ਦੇ ਸੰਗ ਲੱਗ ਜਾਈਏ । ਕਈ ਵਾਰ ਮਨੁਖ ਉਸ ਕਹਾਵਤ ਵਾਂਗ ਹਾਸੋਹੀਣਾ ਹੋ ਜਾਂਦੈ, ਅਖੇ "ਕੁਛੜ ਕੁੜੀ, ਪਿੰਡ ਢਡੋਰਾ," ਤੇ ਉੱਤਰ ਕੋਲ ਖਲੋਤਾ ਪ੍ਰਸ਼ਨ ਦੇ ਮੁਖਾਰ ਬਿੰਦ ਤੋਂ ਸੁਰਤੀ ਪਰਾਂਹ ਹੀ ਨਹੀਂ ਕਰਦਾ ! ਐਸੇ ਮੌਕੇ ਤੇ ਕੋਲ ਖਲੋਤਾ ਸੱਜਨ ਮਿੱਤਰ ਉਸ ਉੱਤਰ ਵਲ ਸੰਕੇਤ ਕਰਕੇ ਉਸ ਦੀ ਸੰਸਾ ਨਿਵਾਰਨ ਕਰ ਦੇਂਦਾ ਹੈ । ਕਈ ਵਾਰ ਸ਼ਬਦ ਸੌਖਾ ਲੱਗਦੈ ਪਰ ਜਿਉਂ ਜਿਉਂ ਉਸ ਦੇ ਨੇੜਿਓਂ ਹੋ ਕੇ ਲੰਘੀਦੈ, ਤਿਉਂ ਤਿਉਂ ਉਹ ਹੋਰ ਜਟਿਲ ਹੋਈ ਜਾਂਦੈ । ਇਹੋ ਜਿਹੇ ਮੋੜ ਤੇ ਖਲੋ ਕੇ ਜਾਂ ਤਾਂ ਖਹਿੜਾ ਛੱਡ ਜਾਣ ਲਈ ਜੀਅ ਕਾਹਲਾ ਪੈ ਜਾਂਦੈ , ਜਾਂ ਉਸ ਵਿਚ ਹੋਰ ਉਲਝ ਕੇ ਇਕ "ਕਰਕ ਕਲੇਜੇ ਮਾਹਿ" ਲਾ ਲੈਂਦੇ । ਇਹੋ ਕਾਰਨ ਹੈ ਕਿ ਜਗਿਆਸੂਆਂ ਵਿਚ ਗੁਰੂ ਦੀ ਲੋੜ ਨੂੰ ਮੁਖ ਸਥਾਨ ਦਿੱਤਾ ਹੈ । ਇਹੋ ਜਿਹੇ ਹਿਰਦਿਆਂ ਨੂੰ ਗੁਰ ਭਾਈ ਆਖਦੇ ਨੇ ! ਗੁਰ ਭਾਈ ਗੁਰੂ ਦੀ ਸ਼ਰਨ ਵਿਚ ਆ ਕੇ ਮਨ ਅੰਤਰ ਦੀ ਪੀਰ ਨੂੰ ਖੋਲ੍ਹ ਕੇ ਸਾਹਮਣੇ ਰੱਖਦੇ ਨੇ ਤੇ ਗੁਰੂ ਪਾਸੋਂ ਸੰਸੇ ਦੂਰ

ਕਰਾਂਦੇ ਹਨ ! ਜਦ ਘੁੰਡੀ ਖੁਲ੍ਹਦੀ ਹੈ ਤਾਂ ਦਿਬ ਦ੍ਰਿਸਟੀ ਵਿੱਚ ਨਵਾਂ ਗਿਆਨ ਪ੍ਰਕਾਸ਼ ਹੁੰਦੈ ! ਇਸ ਪ੍ਰਕਾਸ਼ ਦੀ ਸੀਮਾਂ ਅਥਾਹ ਗਹਿਰਾਈਆਂ ਤਕ ਸਵੱਛ ਹੀ ਸਵੱਛ ਦ੍ਰਿਸ਼ਟਾਂਦੀ ਹੈ । ਗੁਰ ਭਾਈਆਂ ਦੀ "ਮਿਲਬੇ ਕੀ ਮਹਿਮਾਂ ਬਰਨ ਨਾ ਸਾਕਉ" ਫਿਰ ਇਹ ਨਿਤ ਨੇਮ ਬਣਾਕੇ ਪੱਕੇ ਰੰਗ ਚੜਾਨ ਦੇ ਯਤਨ ਕਰਦੀ ਹੈ । ਇਸੇ ਦਾ ਨਾਮ ਹੈ "**ਸਾਧ ਸੰਗਤ !**"

ਸਾਧ ਕਿਸੇ ਭਗਵੇ ਕੱਪੜਿਆਂ ਵਾਲੇ ਮਨੁਖ ਵਿਚ ਵੀ ਹੋ ਸਕਦੈ ਤੇ ਕਿਸੇ ਆਮ ਵੇਖਣ ਸੁਣਨ ਵਾਲੇ ਗ੍ਰਿਹਸਤੀ ਵਿੱਚ ਵੀ ! ਸਾਧ ਸਾਧਨਾਂ ਕਰਦੈ ਤਾਂ ਕਿਸੇ ਪਉੜੀ ਤੇ ਚੜ੍ਹਦੈ ! ਪਉੜੀ ਪਉੜੀ ਚੜਦਾ ਕਿਸੇ ਉਚਾਈ ਤੇ ਅੱਪੜਦੈ । ਇਹੋ ਜਿਹੇ ਬਉਰਿਆਂ ਦਾ ਜੁੜ ਬੈਠਨਾਂ, ਵਿਚਾਰ ਵਟਾਂਦਰਾ ਕਰਨਾ, ਹਉਮੈ ਤਿਆਗ ਕਿਸੇ ਅੰਤਰੀਵ ਆਨੰਦ ਵਿੱਚ ਗਵਾਚ ਜਾਣਾ ਅਤੇ ਆਨੰਦ ਦੇ ਸੁਖਾਂਵੇ ਪੰਖ ਲਗਾਕੇ ਗਿਆਨ ਮਈ ਗਗਨ ਵਿਚ ਉਡਾਰੀਆਂ ਲਗਾਉਣ ਨੂੰ ਹੀ "**ਸਾਧ ਸੰਗਤ ਕੇ ਵਾਰਨੈ**" ਦਾ ਵਰਦਾਨ ਮਿਲਿਆ ਹੈ । ਐਸੇ ਸੁੰਦਰ ਸੁਖਾਵੇਂ ਸਵਰਗ ਦਾ ਆਨੰਦ ਅੰਦਰੋਂ ਹੀ ਉਪਜਦੈ । ਪਰ ਉਪਜਦਾ ਤਾਂ ਹੈ ਜਦ ਮਨੁੱਖ ਦੇ ਅੰਦਰ ਬੜੀ ਘਾਲਨਾਂ ਮਗਰੋਂ ਆਖਰੀ ਦਵਾਰ ਖੁਲ੍ਹਦਾ ਹੈ । ਇਹੋ ਜਹੇ "**ਜੋ ਖੋਜੇ ਸੋ ਪਾਵੈ**" ਸਿਰੜੀ ਜਦ ਮਿਲ ਬਹਿੰਦੇ ਹਨ ਤਾਂ ਐਸੀ ਸੰਗਤ ਵਿੱਚ ਸਾਧ ਸੰਗਤ ਦਾ ਦਰਸ਼ਨ ਹੋਂਦਾ ਹੈ । ਗੁਰੂ ਸਾਹਿਬਾਨ ਦੇ ਜੀਵਨ ਕਾਲ ਵਿਚ ਕਈ ਸਭਾਵਾਂ ਗੋਸ਼ਟੀਆਂ ਤੇ ਦਰਬਾਰ ਲੱਗੇ ਹੋਣੇ ਨੇ । ਇਕ ਇਕ ਪਲ ਇਕ ਇਕ ਖਿਣ ਉਹਨਾਂ ਅਦੁੱਤੀ ਮਿਲਨੀਆਂ ਦਾ ਕਿਵੇਂ ਆਪਣਾ ਸਰੂਰ ਸਰੋਤਿਆਂ ਅਤੇ ਵਿਚਾਰਕਾਂ ਦੇ ਅੰਦਰ ਉਤਾਰ ਗਿਆ ਹੋਵੇਗਾ, ਇਹ ਸੋਚ ਕੇ ਹੀ ਹਿਰਦਾ ਗਦਗਦ ਹੋ ਜਾਂਦੈ । ਫਿਰ ਉਹ ਜੀਵਨੀਆਂ ਜਿਹੜੀਆਂ ਗੁਰੂ ਸਾਹਿਬਾਨ ਅਤੇ ਬਾਕੀ ਸੰਤਾ ਫਕੀਰਾਂ ਦਰਵੇਸ਼ਾਂ, (ਜਿਨ੍ਹਾਂ ਦੀ ਬਾਣੀ ਪ੍ਰਮਾਣਿਤ ਹੋਈ), ਦੇ ਬਹੁਤ ਨੇੜਿਓਂ ਹੋ ਕੇ ਲੰਘੀਆਂ ਉਹਨਾਂ ਦਾ ਕੀ ਬਣਿਆ ਹੋਸੀ, ਕੇਵਲ ਮਹਿਸੂਸ ਕੀਤਾ ਜਾ ਸਕਦੈ । ਜਿਸ ਇਕੱਠ ਵਿਚ ਗੁਰੂ ਸਾਹਿਬਾਨ ਦੀ ਜਗਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਉੱਚ ਸਥਾਨ ਲੈਕੇ ਉਸ ਜਗਹ ਤੇ ਬੈਠੇ ਸ੍ਰੋਤਿਆਂ ਦੇ ਕੰਨਾਂ ਵਿਚ ਇਸ ਅੰਮ੍ਰਿਤਮਈ ਬਾਣੀ ਦੇ ਰਸ ਦਾ ਬਿਨਾਂ ਕਿਸੇ ਜਾਤ ਵਾਦ ਵਰਨ ਦੇ ਅੰਮ੍ਰਿਤ ਵਰਤਾ ਰਿਹਾ ਹੋਵੇ, ਉਥੇ ਦੀ ਹਰ ਸੋਚ, ਉਥੇ ਦਾ ਹਰ ਵਿਚਾਰ, ਉਥੇ ਦਾ ਹਰ ਸਾਸ ਗ੍ਰਾਸ ਵਾਹਿਗੁਰੂ ਦੇ ਰੰਗ ਵਿਚ ਰੰਗਿਆਂ ਹੋਇਆ ਹੋਵੇਗਾ । ਇਹੋ ਜਹੇ ਮਾਹੌਲ ਵਿਚ ਗੁਰਬਾਣੀ ਦਾ ਕੀਰਤਨ ਅਤੇ ਵਿਚਾਰ ਕਰਨ ਸੁਣਨ ਵਾਲੇ ਮਹਾਪੁਰਖਾਂ ਦਾ ਨਾਮ ਹੀ ਸਾਧ ਸੰਗਤ ਹੈ ! ਉਸ ਰੰਗ ਦੇ ਕੜਾਹੇ ਵਿਚ ਜੋ ਵੀ ਆ ਗਿਆ, ਉਸ ਰੰਗ ਵਿੱਚ ਰੰਗਿਆ ਗਿਆ ! ਉਥੇ ਕਿਸੇ ਤਰਕ ਜਾਂ ਚਤੁਰਾਈ ਦੀ ਚਤੁਰਤਾ ਨਹੀਂ ਖਲੋ ਸਕਦੀ । ਉਥੇ ਕਿਸੇ ਪਾਖੰਡ ਜਾਂ ਭੇਖ ਦੀ ਦਾਲ ਨਹੀਂ ਗਲਦੀ ! ਉਥੇ ਕਿਸੇ ਮੜ੍ਹੀ ਮਸਾਣ, ਭੂਤ ਭੁਤਾਨ, ਵੇਦ ਕੁਰਾਨ "**ਕਿਸਨ ਬਿਸਨ ਨਾ ਕਬਹੂ ਧਿਆਊ**" ਜਾਂ ਕਿਸੇ ਟਪੱਲੇ, ਟੂਣੇ ਦੀ ਕੋਈ ਜਗਹ ਨਹੀਂ । ਉਥੇ ਤਾਂ ਨਿਰੋਲ ਕੀਰਤਨ, ਪ੍ਰਭੂ ਦਾ ਜਸ ਅਤੇ ਵਾਹਿਗੁਰੂ ਦੇ ਅਪਰੰਮਪਾਰ ਨਿਰੰਕਾਰ ਸਰੂਪ ਦਾ ਅਹਿਸਾਸ ਜਗ੍ਹਾ ਜਗ੍ਹਾ ਦੇ ਤੰਰਿਹਾਇਆਂ ਦੀ ਪਿਆਸ ਮਿਟਾਉਣ ਲਈ ਖੁੱਲ੍ਹਾ ਵਰਤਦਾ ਹੈ !

ਕਈ ਵਾਰ ਇਹ ਕਿਹਾ ਜਾਂਦਾ ਹੈ ਤੇ ਆਮ ਧਾਰਨਾਂ ਸੁਣੀ ਜਾਂਦੀ ਹੈ ਕਿ ਵਾਹਿਗੁਰੂ ਦਾ ਨਾਮ ਸੱਚੇ ਦਿਲੋਂ ਘਰ ਹੀ ਬੈਠਕੇ ਲੈ ਲਉ ਤਾਂ ਸੱਭੇ ਤੀਰਥਾਂ ਦਾ ਫਲ ਮਿਲ ਜਾਵੇਗਾ ! ਗਲ ਠੀਕ ਹੈ ! ਗਲ ਠੀਕ ਨਹੀਂ ਵੀ ! ਸਵਾਲ ਨਾਮ ਜਪਣ ਤਕ ਹੀ ਸੀਮਤ ਨਹੀਂ । ਨਾਮ ਜਪਣਾਂ, ਕਿਰਤ ਕਰਨੀ, ਵੰਡ ਛਕਣਾ, ਦਾਨ ਇਸ਼ਨਾਨ ਆਦਿ ਅਗਲੇ ਪੜਾਅ ਹਨ । "**ਨਾਮ**" "**ਦਾਨ**" "**ਇਸ਼ਨਾਨ**" ਜਿਵੇਂ ਜਿਵੇਂ ਨਾਮ ਜਪਕੇ ਮਨ ਤੋਂ ਮੈਲ ਧੋਪੇ ਗੀ, ਹੇਠੋਂ ਸਵੱਛਤਾ ਹੋਰ ਉਘੜੇਗੀ । ਇਸ ਰੋਸ਼ਨੀ ਨਾਲ ਅੰਦਰ ਬਾਹਰ ਦੇ ਕੋਨਿਆਂ ਹੇਠ ਦੱਬੀ ਵਿਸਰੀ ਤੇ ਗਹਿਰਾਈ ਤਕ ਜਮੀ ਹੋਈ ਮੈਲ ਤੇ ਵੀ ਨਜ਼ਰ ਪੈ ਜਾਵੇਗੀ ! ਉਸ ਦੀ ਸਫਾਈ ਕਰਨ ਲਈ ਹੋਰ ਉਚੇਰੇ ਉਪਰਾਲੇ ਕਰਨ ਦੀ ਲੋੜ ਪਵੇਗੀ ! ਹਉਮੈ ਵੀ ਨਾਲ ਉਪਜ ਪੈਂਦੀ ਹੈ । ਇਹ ਅਗਨ ਹੌਲੀ ਹੌਲੀ ਅੰਦਰ ਰੋਸ਼ਨੀ ਦੇ ਨਾਲ ਜਲਨ ਪੈਦਾ ਕਰ ਦਵੇਗੀ । ਇਸਦਾ ਇਲਾਜ "ਸਾਧ ਸੰਗਤ ਮੇਰੀ ਜਲਨ ਬੁਝਾਈ ।" ਵਿਚ ਹੈ ! "**ਬੰਦੇ ਖੋਜ ਦਿਲ ਹਰ ਰੋਜ**" ਵਾਲੀ ਗੱਲ ਨੂੰ ਕਿਵੇਂ ਵਿਸਾਰ ਸਕਦੇ ਹੋ ! ਕਈ ਜਨਮਾਂ ਦੀ ਲਗੀ ਹੋਈ ਮੈਲ ਇਸ ਮਨ ਦੇ ਦਵਾਲੇ ਇਕ ਕਾਲਖ ਦੀ ਗੂੜ੍ਹੀ ਰੰਗਣ ਲਾਈ ਬੈਠੀ ਹੈ । ਹਜ਼ਾਰ ਬਾਰ, ਬਾਰ ਬਾਰ, ਯਤਨ ਸਾਧਨਾਂ ਗਿਆਨ ਗੋਸ਼ਟ ਦੇ ਤਰੌਂਕੇ ਮਾਰ ਮਾਰ ਕੇ ਜਨਮਾਂ ਦੇ ਪੰਧ ਮੁਕਾਣੇ ਪੈਂਦੇ ਨੇ । ਇਹ ਮੈਲ ਆਸਾਨੀ ਨਾਲ ਨਹੀਂ ਉਤਰਦੀ ! ਇਹ ਕੇਵਲ ਲਗਾਤਾਰ ਸਾਧ ਸੰਗਤ ਵਿਚ ਜੁੜ ਬੈਠਿਆਂ, ਸੇਵਾ ਹੱਥਾਂ ਪੈਰਾਂ ਨਾਲ ਕਰਕੇ, ਅੰਮ੍ਰਿਤ ਵੇਲੇ ਜਾਗਕੇ, ਇਸ਼ਨਾਨ ਕਰਕੇ, ਕਦਮ ਕਦਮ ਟੁਰਕੇ ਗੁਰੂ ਦੇ ਦਵਾਰੇ ਵੱਲ ਜਾ ਕੇ (ਗੁਰੂ ਅੱਗੋਂ ਕਈ ਕਦਮ ਵਧ ਚਲਕੇ ਗੁਰਸਿਖ ਨੂੰ ਲੈਣ ਆਉਂਦਾ ਹੈ), ਮਨ ਬਿਰਤੀ ਇਕਾਗਰ ਕਰਕੇ, ਵਾਹਿਗੁਰੂ ਦੇ ਚਰਨਾਂ ਨਾਲ ਜੁੜਕੇ,

ਹਉਮੈ ਮਾਰ ਕੇ ਅਤੇ ਮੈਂ ਨੂੰ ਵਿਸਾਰ ਤੂੰ ਤੂੰ ਕਰਦਿਆਂ ਹੀ ਉਤਰ ਸਕਦੀ ਹੈ !

ਮਨ ਬੜਾ ਚੰਚਲ ਸਦੀਂਦੈ । ਮਨ ਦਾ ਸੁਭਾਅ ਹੈ ਕਿ ਉਹ ਕਦੀ ਸਥਿਰ ਨਹੀਂ ਰਹਿੰਦਾ ! ਮਨੁਖ ਦੇ ਹਿਰਦੇ ਅੰਦਰ ਸੁਭਾਵਕ ਪ੍ਰਵਰਤੀਆਂ ਵਿਚੋਂ ਮਨ ਦੀ ਇੱਛਾ ਦਾ ਆਪਣਾ ਨਵਕੇਲਾ ਸਥਾਨ ਹੈ ! ਆਤਮਾ ਹਰ ਪ੍ਰਾਣੀ ਦੇ ਪ੍ਰਾਣ ਵਿਚ ਵਾਹਿਗੁਰੂ ਦੀ ਜੋਤ ਸਰੂਪ ਹੈ । ਮਨ ਨੂੰ ਵੀ **"ਮਨ ਤੂੰ ਜੋਤ ਸਰੂਪ ਹੈਂ"** ਗੁਰਬਾਣੀ ਵਿਚ ਕਿਹਾ ਗਿਆ ਹੈ । ਤਾਂ ਆਤਮਾਂ ਅਤੇ ਮਨ ਇਕ ਹੀ ਹੋਏ ! ਪਰ ਨਹੀਂ, ਆਤਮਾ ਨਾਮ ਹੈ ਜਾਗਰੂਪਤਾ ਦਾ ! ਮਨ ਮਨੁੱਖ ਨੂੰ ਮਾੜੀਆਂ ਪ੍ਰਵਰਤੀਆਂ ਵਲ ਲੈਕੇ ਜਾਂਦਾ ਹੈ । ਮਨ ਮੰਨ ਵੀ ਜਾਂਦੈ । ਚੰਗੇ ਪਾਸੇ ਵੀ ਟੁਰ ਪੈਂਦਾ ਹੈ । ਪਰ ਝਟ ਹੀ ਮੂੰਹ ਮੋੜ ਪਿੱਛੇ ਮੁੜ ਜਾਂਦਾ ਹੈ । ਹਰ ਮਨੁੱਖ ਵਿਚ, ਇਸ ਪ੍ਰਕਾਰ ਚੰਗੇ ਅਤੇ ਮੰਦੇ ਸੁਭਾਅ ਨਾਲ ਨਾਲ ਪਲਦੇ ਰਹਿੰਦੇ ਹਨ ! ਮਨ ਤੇ ਆਤਮਾ ਜ਼ਮੀਰ, ਗੈਰਤ, ਫਰਜ਼, ਮਹਿਸੂਸ ਕਰਨਾ, ਇਹੋ ਜਿਹੇ ਵਿਚਾਰ ਆਉਂਦੇ ਹਨ, ਜੋਸ਼ ਬਣਕੇ ਮਨੁੱਖ ਦੀ ਕਰਨੀ ਚ ਤਬਦੀਲ ਹੋਏ ਨੇ । ਫੇਰ ਢਿੱਲੇ ਪੈਕੇ, ਬੁਝਕੇ ਮਰ ਜਾਂਦੇ ਨੇ । ਸੰਗਤ ਜਿਸ ਪ੍ਰਕਾਰ ਦੀ ਹੋਵੇ, ਉਹ ਇਹਨਾਂ ਪ੍ਰਵਰਤੀਆਂ ਨੂੰ ਆਪਣੇ ਵਲ ਘੇਰ ਲੈਂਦੀ ਹੈ ! ਸਾਧ ਸੰਗਤ ਦੀ ਪਰਿਭਾਸ਼ਾ ਵਿਚ ਪਹਿਲਾ ਜ਼ਿਕਰ ਆ ਚੁਕਾ ਹੈ, ਉਹ ਸੰਗਤ ਜਿਹੜੀ ਸਾਧਨਾਂ ਕਰਕੇ ਕਿਸੇ ਸਾਧ ਤਕ ਸਧੇ ਹੋਏ ਮਨੁਖ ਦੇਵਤੇ ਸਰੂਪ ਹੋਏ ਪ੍ਰਵਾਨਗੀ ਤੇ ਚੜ੍ਹੇ ਮਨੁੱਖ ਹਨ ! ਉਹਨਾਂ ਦੀ ਸੰਗਤ ਮਨ ਆਤਮਾ ਦੇ ਅੰਦਰ ਦੇ ਘੋਲ ਵਿਚ ਵਾਹਿਗੁਰੂ ਦੇ ਰਾਹ ਤੇ ਚਲਣ ਵਾਲੇ ਸਾਰੇ ਪ੍ਰਸੰਗ ਉਸ ਮਨ ਤੇ ਰੰਗ ਦੇਣਗੇ ਪਰੰਤੂ ਅਭਿਆਸ ਅਤਿ ਅਵਸ਼ੱਕ ਹੈ । ਨਿੱਤ ਪ੍ਰਤੀ ਇਸਨੂੰ ਅਭਿਆਸਿਆ ਜਾ ਸਕਦਾ ਹੈ ਤਾਂ ਕੇਵਲ ਸਾਧ ਸੰਗਤ ਵਿਚ ਜੁੜ ਬੈਠਨ ਕਰਕੇ ! ਜਦੋਂ ਵੀ ਅਸਾਧਾਂ ਦੀ ਸੰਗਤ ਵਿੱਚ ਮਨੁੱਖ ਮੁੜਿਆ, ਅਸਾਧਾਂ ਦੀ ਸੰਗਤ ਦੀ ਰੰਗਤ ਚੜ੍ਹ ਜਾਵੇਗੀ !

ਇਸ ਲਈ ਕੋਈ ਵੀ ਮਨੁੱਖ ਜਨਮ ਤੋਂ ਪਾਪੀ, ਅਪਰਾਧੀ ਜਾਂ ਨੀਚ ਨਹੀਂ ਹੁੰਦਾ । ਨੀਚੀ ਤਾਂ ਕੇਵਲ ਸੋਚ ਹੈ ਜੋ ਨੀਚੇ ਕੰਮ ਕਰਵਾਂਦੀ ਹੈ ਤੇ ਅਪਰਾਧੀ ਬਣਾਂਦੀ ਹੈ ! ਹਰ ਬੁਰਾਈ ਦੇ ਪਿੱਛੇ ਬੁਰਾ ਮਨੁੱਖ ਅਤੇ ਉਸਦੇ ਪਿੱਛੇ ਬੁਰੀ ਮੱਤ ਹੁੰਦੀ ਹੈ ! ਇਸੇ ਪ੍ਰਕਾਰ ਹਰ ਚੰਗਿਆਈ ਦੇ ਪਿੱਛੇ ਇੱਕ ਚੰਗਾ ਪੁਰਖ ਤੇ ਹਰ ਚੰਗੇ ਪੁਰਖ ਦੇ ਪਿੱਛੇ ਇੱਕ ਚੰਗੀ ਸੋਚ ਹੁੰਦੀ ਹੈ । ਇਹੋ ਸਾਰੇ ਸਮਾਜ ਦੀ ਘੜਤ ਕਰਦੇ ਹਨ ਤੇ ਇਹੋ ਜਿਹੇ ਰੰਗ ਵਿਚੰ ਰੰਗੇ ਸਮਾਜ ਨਾਲ ਹੀ ਦੇਸ਼ ਬਣਦੇ ਨੇ । ਸੰਸਾਰ ਵਿਚ ਮਹਾਨ ਬਾਣ ਅਗਨੀ ਪੈਦਾ ਕਰ ਰਹੇ ਨੇ । ਮਨੁੱਖ ਦੇ ਅੰਦਰ ਇੱਕ ਨਵਾਂ ਯੁਧ ਸ਼ੁਰੂ ਹੋ ਚੁੱਕਾ ਹੈ, ਆਪੇ ਨੂੰ ਬਚਾਣ ਦਾ ਯੁੱਧ । ਮਨੁੱਖ ਇਸ ਗੇੜ ਦੇ ਐਸੇ ਮੋੜ ਤੇ ਆਣ ਖਲੋਤਾ ਹੈ ਕਿ ਇੱਕ ਬਟਨ ਦੇ ਦਬਾਣ ਤਕ ਹੀ ਸੀਮਤ ਰਹਿ ਗਈ ਹੈ ਮਨੁੱਖਤਾ ! ਸਰਵਨਾਸ਼ ਦੀ ਖੋਜ ਤਾਂ ਕਰ ਲਈ ਸੂ ! ਸਰਵ ਵਿਕਾਸ ਅਤੇ ਸਰਵ ਪ੍ਰਕਾਸ਼ ਦੀ ਚਾਬੀ ਕਿੱਥੋਂ ਲਵੇਗਾ ! ਇਹ ਚਾਬੀ ਹੈ ਤਾਂ ਕੇਵਲ ਗੁਰਬਾਣੀ ਕੋਲ ! ਗੁਰੂ ਦੀ ਆਖੀ ਹੋਈ ਗਲ ਵਿਚ ਹੈ । ਇਸ ਦਾ ਸਮਾਧਾਨ ! ਮਨੁੱਖ ਨੂੰ ਇਸਦੀ ਪ੍ਰਾਪਤੀ ਹੋਣੀ ਹੈ ਤਾਂ ਕੇਵਲ ਸਵੈ ਨੂੰ ਤਿਆਗ ਕੇ ਸਰਵ ਵਿਆਪੀ ਸੱਚ ਦਾ ਪਲਾ ਫੜਕੇ । ਘਰ ਦੇ ਦੋ ਚਾਰ ਜੀਆਂ ਦੇ ਭਲੇ ਤੋਂ ਉਤਾਂਹ ਉਠ ਕੇ ਸੰਸਾਰ ਦੇ ਸਾਰੇ ਪ੍ਰਵਾਰ ਨੂੰ ਆਪਣਾ ਜਾਣੇ । ਤਾਂ ਹੀ ਉਹ ਸਰਵ ਵਿਆਪੇ ਸੱਚ ਦੀ ਪਛਾਣ ਕਰ ਸਕੇਗਾ ! ਇਹ ਹਰ ਉਸਾਰੂ ਕੰਮ ਦੀ ਔਖਿਆਈ ਵਾਂਗ ਔਖਾ ਕੰਮ ਹੈ । ਹਰ ਔਖਿਆਈ ਨੂੰ ਸੌਖਾਂ ਕਰਨਾ ਕਿਸੇ ਕੁੰਜੀ ਵਿਚ ਦਰਜ ਹੁੰਦੈ । ਇਸ ਕੁੰਜੀ ਦਾ ਨਾਮ ਹੈ ਸਾਧ ਸੰਗਤ । ਸਾਧਾਂ ਦੀ ਮੀਟਿੰਗ ਹੋਵੇ । ਸਾਧਾਂ ਦੀ ਸੋਚ ਹੋਵੇ । ਸਾਧਾਂ ਦੇ ਮੁੱਦੇ ਹੋਣ ਤੇ ਸਾਧਾਂ ਦੀ ਕਾਨਫਰੰਸ । ਦੁਨੀਆਂ ਸਾਰੀ ਵਿੱਚ ਸਾਧੂ ਪ੍ਰਵਰਤੀ ਨਾਲ ਹੀ ਮਨੁੱਖਤਾ ਦੇ ਵਿਕਾਸ ਦਾ ਰਾਹ ਖੁਲ੍ਹਦਾ ਹੈ ! ਸਾਧੂ ਪ੍ਰਵਰਤੀ ਵਿਚ ਸਵੈ ਤਿਆਗ ਤੇ ਪਰ ਸੁਖ ਬਾਰੇ ਸੋਚਣਾ, ਲੈਣ ਨਾਲੋਂ ਦੇਣ ਦੀ ਮਹਿਮਾਂ ਨੂੰ ਜਾਣਨਾ, ਜ਼ਰੂਰਤ ਮੁਤਾਬਕ ਵੰਡ, ਸੇਵਾ ਦੀ ਭਾਵਨਾਂ, ਗੁਰਸਿਖੀ ਦੇ ਸਾਰੇ ਅਸੂਲ ਇਸ ਤੇ ਲਾਗੂ ਹੋਂਦੇ ਨੇ ! ਗੁਰਸਿਖ ਹੀ ਹੈ ਉਹ ਜੋ ਗੁਰੂ ਦੀ ਇਸ ਸਿੱਖਿਆ ਅਨੁਸਾਰ ਸਾਰੇ ਜਗਤ ਦੀ ਭਲਾਈ ਲਈ ਸੋਚਦਾ ਤੇ ਕੰਮ ਕਰਦਾ ਹੈ ! ਸਾਰੇ ਸੰਸਾਰ ਨੂੰ ਇਸ ਚਾਨਣ ਵਿਚ ਆਪੋ ਆਪਣੇ ਅੰਦਰ ਲੱਗੀ ਹੋਈ ਹਉਮੈ ਦੀ ਮੈਲ ਨੂੰ ਘੋਖਣ ਤੇ ਤੱਕਣ ਦੀ ਸੂਝ ਨਜ਼ਰੀ ਆਵੇਗੀ । ਸਿੱਖ ਸਮਾਜ ਦਾ ਇਹ ਕਰਤੱਵ ਹੈ ਕਿ ਇਸ ਵਿਰਾਸਤ ਤੋਂ ਅਗਿਆਨੀ ਸੰਸਾਰ ਨੂੰ ਵਾਕਫ ਕਰਾਣ । ਇਹ ਉਹ ਐਸਾ ਜੀਵਨ ਜੀਊਂਕੇ ਕਰ ਸਕਦੇ ਹਨ । ਉਹਨਾਂ ਦੀ ਜੀਵਨੀ ਆਪ ਇਕ ਨਮੂਨਾ ਹੋਵੇ ਇਨਸਾਨੀਅਤ ਦਾ ! ਜਿਥੇ ਜਿਥੇ ਵੀ ਜੁੜ ਬੈਠਣ ਸਾਧ ਸੰਗਤ ਬਣਕੇ ਬੈਠਣ ! ਵਾਹਿਗੁਰੂ ਦੀ ਉਸਤਤੀ ਦੇ ਨਾਲ ਨਾਲ ਮਨੁੱਖ ਅਤੇ ਸਰਵ ਸੰਸਾਰ ਦੇ ਪ੍ਰਾਣੀਆਂ ਲਈ ਯਤਨ ਕਰਨ ਕਿ ਉਹ ਵੀ ਸਾਧ ਸੰਗਤ ਵਿਚ ਰਲ ਬੈਠਣਾ ਸਿੱਖਣ ! ਅੰਤਰ ਰਾਸ਼ਟਰੀ ਪੱਧਰ ਤੇ ਜਿਥੇ ਸਿਆਸਤ ਨੇ ਸਾਰੇ ਸੰਸਾਰ ਨੂੰ ਹਾਹਾਕਾਰ ਦੇ ਗੇੜ ਵਿੱਚ ਪਾ ਦਿੱਤਾ ਹੈ, ਉਥੇ ਸਿਖ ਧਰਮ ਇਸ ਨੂੰ

ਆਪਣੀ ਅਦੁੱਤੀ ਵਿਲੱਖਣਤਾ ਰਾਹੀਂ ਸਰਬ ਸਾਂਝੇ ਰੱਬ ਦੀ ਸਰਬ ਸਾਂਝੀ ਮਿਹਰ ਦੀ ਰੋਸ਼ਨੀ ਵਿਖਾਕੇ ਸੱਚ ਦਾ ਰਾਹ ਰੋਸ਼ਨ ਕਰ ਸਕਦਾ ਹੈ । ਇਹ ਤਾਂ ਸਾਰੇ ਸੰਸਾਰ ਲਈ "ਉਪਦੇਸ ਚੌਹ ਵਰਨਾਂ ਕਉ ਸਾਂਝਾ" ਵਾਲਾ ਮਤ ਹੈ, ਜੋ ਗੁਰ ਭਾਈ ਹਰ ਉਸ ਮਨੁੱਖ ਨੂੰ ਮੰਨਣ ਲਈ ਤਿਆਰ ਹਨ ਜੋ ਗੁਰੂ ਦੀ ਇਸ ਦੀਖਿਆਂ ਨੂੰ ਲੈਣ ਲਈ ਤਿਆਰ ਹੈ ! ਗੱਲ ਉਹਨਾਂ ਦੀ ਤਿਆਰੀ ਦੀ ਤਾਂ ਸਮਝ ਆਵੇ ਜੇ ਕੋਈ ਸੋਚ ਇਸ ਯਤਨ ਵਿਚ ਲਗੀ ਹੋਵੇ ਕਿ ਗੁਰੂ ਦਾ ਸੰਦੇਸ਼ ਸਾਰੀ ਲੁਕਾਈ ਤਕ ਪਹੁੰਚਾਇਆ ਜਾਵੇ ! ਸਾਧ ਸੰਗਤ ਦੇ ਜ਼ੁੰਮੇ ਇਹ ਵੀ ਇਕ ਮਹਾਨ ਕਾਰਜ ਲਾਇਆ ਜਾਵੇ ਕਿ "ਆਪ ਜਪੈ, ਅਵਰੈ ਨਾਮ ਜਪਾਵੈ ।" ਇਹ ਤਾਂ ਹੀ ਮੁਮਕਿਨ ਹੋਵੇਗਾ ਜੇ ਗੁਰੂ ਸੰਦੇਸ਼ ਜੀਵਨ ਦੇ ਹਰ ਇੱਕ ਪਹਿਲੂ ਬਾਰੇ ਸਾਦੀ ਜ਼ਬਾਨ ਵਿਚ, ਆਮ ਬੋਲਚਾਲ ਦੀ ਭਾਸ਼ਾ ਜੋ ਉਸ ਸੂਬੇ ਤੇ ਦੇਸ਼ ਵਿਚ ਬੋਲੀ ਜਾਵੇ, ਆਮ ਲੋਕਾਂ ਤਕ ਛਾਪ ਕੇ ਪਹੁੰਚਾਇਆ ਜਾਵੇ ! ਮਨੁੱਖਤਾ ਤਰਸੀ ਪਈ ਹੈ, ਭੁੱਖੀ ਹੈ ਪਿਆਸੀ ਹੈ । ਇਸ ਨੂੰ ਆਤਮਕ ਖੁਰਾਕ ਪਾਣੀ ਹਵਾ ਦੀ ਲੋੜ ਹੈ । ਇਹ ਸਭ ਕੁਝ ਗੁਰੂ ਘਰ ਵਿਚ ਅਖੁੱਟ ਭੰਡਾਰ ਹੈ । ਦਾਨੀ ਪੁਰਖ ਅੱਗੇ ਵਧਣ । ਵਿਚਾਰਕ ਅੱਗੇ ਵਧਣ । ਵੱਧ ਤੋਂ ਵੱਧ ਵਿਚਾਰ ਵੱਧ ਤੋਂ ਵੱਧ ਬੋਲੀਆਂ ਵਿੱਚ ਤਰਜਮੇ ਕਰਕੇ ਛਾਪੇ ਜਾਣ । ਇਹਨਾਂ ਨੂੰ ਆਮ ਲੋਕਾਂ ਤਕ ਪਹੁੰਚਾਣ ਦੇ ਵਿਸ਼ੇਸ਼ ਤੇ ਉਚੇਚੇ ਉੱਦਮ ਕੀਤੇ ਜਾਣ । ਹਰ ਪ੍ਰਾਂਤ ਤੇ ਮੁਲਕ ਦੇ ਵਸਨੀਕਾਂ ਦੇ ਕਿਸੇ ਮਸ਼ਹੂਰ ਦਿਨ ਤੇ ਉਹਨਾਂ ਦੇ ਪੂਜਾ ਸਥਾਨ/ਇਕੱਤਰਤਾ ਵਾਲੇ ਸਥਾਨ ਤੇ ਉਹਨਾਂ ਦੀ ਬੋਲੀ ਵਿੱਚ ਹੀ ਇਸ ਗੱਲ ਦਾ ਐਲਾਨ ਕੀਤਾ ਜਾਵੇ ਕਿ ਇਹ ਵਿਚਾਰ ਇਸ ਪ੍ਰਕਾਰ ਹੈ ।

ਸਾਧ ਸੰਗਤ ਦੇ ਇਸ ਅੰਤਰ ਰਾਸ਼ਟਰੀ ਅਤੇ ਵਿਸ਼ਵ ਵਿਆਪੀ ਸਰੂਪ ਦੀ ਘੜਤ ਕਰਨ ਵਿਚ ਕੁਝ ਸਮੱਸਿਆਵਾਂ ਦਾ ਜ਼ਿਕਰ ਵੀ ਕੀਤਾ ਜਾਵੇਗਾ । ਮੈਂ ਮੰਨਦਾ ਹਾਂ ਕਿ ਇਹ ਮੁਸ਼ਕਲਾਂ ਸਾਹਮਣੇ ਹਨ ਤੇ ਇਹਨਾਂ ਦਾ ਸਮਾਧਾਨ ਵੀ ਦਿਸ ਰਿਹਾ ਹੈ । ਜੀਵਨ ਦੇ ਹਰ ਅੰਗ ਨੂੰ ਘੋਖ ਵਿਚਾਰ ਕੇ ਪਹਿਲਾਂ ਆਪਣਾ ਜੀਵਨ ਇੱਕ ਨਮੂਨਾਂ ਬਣਾਇਆ ਜਾਵੇ । ਇਸ ਤੋਂ ਮਗਰੋਂ ਫੇਰ ਹਰ ਪ੍ਰਾਂਤ, ਹਰ ਜ਼ਿਲੇ, ਹਰ ਪਿੰਡ ਤੇ ਦੇਸ਼ ਬਾਰੇ ਪ੍ਰਯਤਨ ਕੀਤੇ ਜਾਣ ! ਅਗਲੀ ਸਦੀ ਵਿੱਚ ਇਸ ਧਰਤੀ ਤੇ ਗੁਰੂ ਨਾਮ ਲੇਵਾ ਮਨੁੱਖਾਂ ਦੀ ਬਹੁ ਗਿਣਤੀ ਸੰਸਾਰ ਤੇ ਛਾਏ ਐਟਮੀ ਹਨੇਰਿਆਂ ਨੂੰ ਸਦਾ ਲਈ ਹਟਾ ਸਕੇਗੀ ਅਤੇ ਵਿਸ਼ਵ ਬੰਧੂ, ਸਰਵ ਵਿਆਪੀ ਮੰਨੁੱਖ ਪ੍ਰੇਮ ਅਤੇ ਸਮਾਜੀ ਭਾਈਚਾਰੇ ਵਿਚ ਮਿਲ ਬੈਠਣ ਦੀ ਗੱਲ ਕਰਕੇ -ਮਿਲਬੇ ਕੀ ਮਹਿਮਾਂ ਬਰਨ ਨਾ ਸਾਕਉ ਦੇ ਮਹਾਂ ਵਾਕ ਅਨੁਸਾਰ ਸਾਰੇ ਸੰਸਾਰ ਨੂੰ ਗੁਰੂ ਨਾਨਕ ਨਾਮ ਦਾ ਸੰਦੇਸ਼ ਪਹੁੰਚਾ ਸਕੇ ਇਹੀ ਅਰਦਾਸ ਕਰਦਾ ਹਾਂ ! ਮਨੁੱਖਤਾ ਅੱਡੀਆਂ ਚੁੱਕੀ ਗੁਰੂ ਘਰ ਦੇ ਉਚੇ ਗੁੰਬਦਾ ਅਤੇ ਨਿਸ਼ਾਨ ਸਾਹਿਬਾਂ ਵੱਲ ਤਰਸਦੀਆਂ ਅੱਖਾਂ ਨਾਲ ਤੱਕ ਰਹੀ ਹੈ । ਆਓ ਅਸੀਂ ਇਸ ਰੋਸ਼ਨੀ ਨੂੰ ਵੰਡਣ ਲਈ ਆਪਣੇ ਜੀਵਨ ਦੇ ਮਨੁੱਖਤਾ ਵਾਲੇ ਸਰੂਪ ਨੂੰ ਉਜਾਗਰ ਕਰਕੇ ਰੋਸ਼ਨ ਮੁਨਾਰਾ ਬਣਨ ਦਾ ਯਤਨ ਕਰੀਏ ।

# ਸੰਗੀਤ-ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ । |
| ਧੁ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ । |
| ਮ' | ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ । |
| ਪ਼/ਧ਼ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ । |
| ਸਂ/ਪਂ | ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ । |
| ਪ— | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ । |
| ਸ਼ਾਂ s | ਜਿਸ ਅੱਖਰ ਅੱਗੇ ਜਿਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ । |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿੱਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ । |
| ਮ਼ਪ | ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ । |
| XO 123 | Xਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ । |



# ਸੁਰ ਲਿਪੀ

## *ਗਉੜੀ ਭੀ ਸੋਰਠਿ ਭੀ*

■ਪ੍ਰੋ: ਤਾਰਾ ਸਿੰਘ

| | | | |
|---|---|---|---|
| ਵਾਦੀ : | ਸ਼ਡਜ | ਸੰਵਾਦੀ : | ਪੰਚਮ . |
| ਜਾਤੀ : | ਸ਼ਾਡਵ-ਸੰਪੂਰਣ | ਸਮਾਂ : | ਰਾਤ ਦਾ ਦੂਜਾ ਪਹਿਰ |

ਆਰੋਹ : ਸਾ, ਨ਼ੀ ਰੇ਼ ਸ ਰੇ਼ ਸਾ, ਮ ਰੇ ਮ ਪ, ਨੀ ਸਾਂ।

ਅਵਰੋਹ : ਸਾਂ, ਰੇਂ ਨ਼ੀ ਧ ਪ, ਮ਼ੰਪ ਧ਼ੁ ਮ਼ੰ ਪ, ਮ਼ੰ ਰੇ ਮ ਗ, ਰੇ਼ ਸਾ, ਨ਼ੀ ਰੇ਼ ਸ਼ਾ

ਮੁੱਖ-ਅੰਗ : ਸਾ, ਮ ਰੇ ਮ ਪ, ਧ਼ੁ ਮ਼ੰ ਪ, ਮ਼ੰ ਗ, ਰੇ਼ ਸਾ, ਨ਼ੀ ਰੇ਼ ਸਾ

## ਤਿੰਨ ਤਾਲ

| | X | 2 | 0 | 3 |
|---|---|---|---|---|
| ਸਥਾਈ :- | | ਮ ਰੇ ਮ ਪ | ਮ਼ੰਪ ਨੀ ਧ਼ੁਪ ਮ਼ੰਪ | ਗਮ਼ੰ ਰੇ਼ਗ ਰੇ਼ਸ ਨ਼ੀਰੇ਼ |
| | | ਰੇ ऽ ਜੀ ਅ | ਨਿ ਲ ਜ ਲਾ. | ऽऽ ਜऽ ਤ੍ਰੋऽ ਹਿऽ |
| | ਸਾ - ਸਾ - | ਮ ਰ ਮ ਪ | ਨੀ ਨੀ ਸਾਂ ਪ | ਪਧ ਮਪ ਨੀਸਾਂ ਰੇਂ |
| | ਨਾ ऽ ਹੀ ऽ | ਹ ਰਿ ਤ ਜਿ | ਕ ਤ ਕਾ ऽ | ਹੂऽ ऽऽ ਕੇऽ ऽ |
| | ਨ਼ੀਧ ਪਧ ਮਮ ਰੇ | | | |
| | ਜਾਂऽ ऽऽ ਹੀऽ ऽ | | | |
| ਅੰਤਰਾ:- | | ਪ - ਪ - | ਮ਼ੰਪ ਧ਼ੁਪ ਗ ਮ਼ੰ | ਮ਼ੰਧ਼ੁ ਨੀਸਾਂ ਸਾਂ - |
| | | ਜਾ ऽ ਕੋ ऽ | ਠਾऽ ऽऽ ਕੁ ਰੁ | ਊऽ ऽऽ ਚਾ ऽ |
| | ਨੀ ਰੇਂ਼ ਸਾਂ ऽ | ਨੀ ਰੇਂ਼ ਗਾਂ ਰੇਂ਼ | ਨੀ ਰੇਂ਼ ਸਾਂ ਸਾਂ | ਪਧ ਮਪ ਨੀਸਾਂ ਰੇ |
| | ਹੋ ऽ ਈ ऽ | ਸੋ ऽ ਜ ਨ | ਪ ਰ ਘ ਰ | ਜਾਂऽ ऽऽ ਤऽ ਨ |
| | ਨੀਧ ਪਧ ਮਮ ਰੇ | | | |
| | ਸੋऽ ऽऽ ਹੀऽ ऽ | | | |

**ਸ਼ਬਦ ਦੀਆਂ ਬਾਕੀ ਤੁਕਾਂ ਇਸੇ ਅੰਤਰੇ ਅਨੁਸਾਰ ਗਾਓ**

■ ਪ੍ਰਿੰਸੀਪਲ ਦਿਆਲ ਸਿੰਘ

ਵਾਦੀ—ਧ ਠਾਟ—ਬਿਲਾਵਲ ਸਮਾਂ—ਦਿਨ ਦਾ ਪਹਿਲਾ ਪਹਿਰ ।
ਸੰਵਾਦੀ—ਗ ਜਾਤੀ—ਸੰਪੂਰਣ ਵਿਸ਼ੇਸ਼—ਆਰੋਹੀ ਵਿਚ 'ਮਧਮ' ਤੇ ਅਵਰੋਹੀ ਵਿਚ 'ਨਿਖਾਦ' ਦੁਰਬਲ ।

## ਸ਼ੁੱਧ ਬਿਲਾਵਲ ਦੀ ਆਰੋਹੀ-ਅਵਰੋਹੀ

੧. ਸ, ਰ ਗ, ਮ ਧ, ਨਧ, ਨ ਸਂ । ਸਂ, ਨਧ, ਪ, ਮਗ, ਰ ਸ ।

ਮ
੨. ਸ, ਰ ਗ, ਮਗ, ਪ, ਨਧ, ਨ ਸਂ । ਸਂ, ਨਧ, ਪਮ, ਗ, ਰ, ਸ ।

## ਅਲਹੀਯਾ ਬਿਲਾਵਲ ਦੀ ਆਰੋਹੀ-ਅਵਰੋਹੀ

ਨ
੧. ਸ, ਰ ਸ, ਗ ਰ, ਗ ਪ, ਧ; ਨ ਧ, ਨ ਸਂ । ਸਂ ਨ ਧ, ਪ, ਧਨੁਧਪ, ਮਗ, ਮਰ, ਸ ।

### ਤਾਲ ਦਾਦਰਾ
### ਮੱਧ ਲੈਅ
### ਅਸਥਾਈ

| | | | | | | | | | | | |
|---|---|---|---|---|---|---|---|---|---|---|---|
| x | | | O | | | x | | | O | | |
| ਸ | ਸ | -ਰ | ਸਨ਼ | ਸ | ਸ | ਗਮ | ਮਧ | -ਧ | ਪਮਂ | ਪ | — |
| ਸਿਮ | ਰ | ऽਮ | ਨਾऽ | ਰਾ | ਮ | ਨਾऽ | ਮऽ | ऽਚਿ | ਤਾऽ | ਰੇ | ऽ |
| ਗ | ਰ | ਗ | ਮ | ਮਧ | ਪ | ਮਗ | ਮਗ | ਮਮ | ਰ | ਸ | — |
| ਬਸ | ਰ | ਹੇ | ਹਿਰ | ਦੈऽ | ਗੁਰ | ਚਰ | ਨऽ | ऽਪਿ | ਆ | ਰੇ | ऽ |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਪ | ਧ | — | ਨ | ਨ | ਨ | ਸਂ | ਸਂ | -ਨ | ਰਂਸਂ | ਸਂ | — |
| ਭੂ | ਲੇ | ऽ | ਮਾ | ਰ | ਗ | ਜਿ | ਨਹਿ | ऽਬ | ਤਾऽ | ਇਆ | ऽ |
| ਨ | ਨ | | | | | ਸਂ | | | | | |
| ਧ | ਧ | ਨ | ਸਂ | ਰਂ | ਰਂ | ਨ | ਸਂ | — | ਧਨੁ | ਧਪ | ਪ |
| ਐ | ਸਾ | ऽ | ਗੁ | ਰ | ਵਡ | ਭਾ | ਗੀ | ऽ | ਪਾऽ | ਇਆ, | ਵਡ |
| ਮ | ਮ | — | ਰ | ਸ | — | | | | | | |
| ਭਾ | ਗੀ | ऽ | ਪਾ | ਇਆ | ऽ | ਸਿਮਰ | ਮਨਾ | — | | | |

ਸ਼ਬਦ ਦੀਆਂ ਬਾਕੀ ਤੁਕਾਂ ਇਸੇ ਅੰਤਰੇ ਅਨੁਸਾਰ ਗਾਓ

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

**ਪ੍ਰੋ: ਸਾਹਿਬ ਸਿੰਘ**

### ਗਉੜੀ ਭੀ ਸੋਰਠਿ ਭੀ

ਰੇ ਜੀਅ ਨਿਲਜ ਲਾਜ ਤੁੋਹਿ ਨਾਹੀ ॥
ਹਰਿ ਤਜਿ ਕਤ ਕਾਹੂ ਕੇ ਜਾਂਹੀ ॥੧॥ ਰਾਹਾਉ ॥
ਜਾ ਕੋ ਠਾਕੁਰੁ ਊਚਾ ਹੋਈ ॥
ਸੋ ਜਨੁ ਪਰ ਘਰ ਜਾਤ ਨ ਸੋਹੀ ॥ ੧ ॥
ਸੋ ਸਾਹਿਬੁ ਰਹਿਆ ਭਰਪੂਰਿ ॥
ਸਦਾ ਸੰਗਿ ਨਾਹੀ ਹਰਿ ਦੂਰਿ ॥ ੨ ॥
ਕਵਲਾ ਚਰਨ ਸਰਨ ਹੈ ਜਾਕੇ ॥
ਕਹੁ ਜਨ ਕਾ ਨਾਹੀ ਘਰ ਤਾ ਕੇ ॥ ੩ ॥
ਸਭੁ ਕੋਊ ਕਹੈ ਜਾਸੁ ਕੀ ਬਾਤਾ ॥
ਸੋ ਸੰਮ੍ਰਥੁ ਨਿਜਪਤਿ ਹੈ ਦਾਤਾ ॥ ੪ ॥
ਕਹੈ ਕਬੀਰੁ ਪੂਰਨ ਜਗ ਸੋਈ ॥
ਜਾ ਕੇ ਹਿਰਦੈ ਅਵਰੁ ਨ ਹੋਈ ॥ ੫ ॥ ੩੮ ॥

(ਆਦਿ ਗ੍ਰੰਥ, ਪੰਨਾ ੩੩੦)

**ਅਰਥ :-** ਹੇ ਬੇਸ਼ਰਮ ਮਨ ! ਤੈਨੂੰ ਸ਼ਰਮ ਨਹੀਂ ਆਉਂਦੀ ? ਪ੍ਰਭੂ ਨੂੰ ਛੱਡ ਕੇ ਕਿੱਥੇ ਤੇ ਕਿਸ ਦੇ ਪਾਸ ਤੂੰ ਜਾਂਦਾ ਹੈ ? (ਭਾਵ, ਕਿਉਂ ਹੋਰ ਆਸਰੇ ਤੂੰ ਤੱਕਦਾ ਹੈਂ ?)

ਜਿਸ ਮਨੁੱਖ ਦਾ ਮਾਲਕ ਵੱਡਾ ਹੋਵੇ, ਉਹ ਪਰਾਏ ਘਰੀਂ ਜਾਂਦਾ ਚੰਗਾ ਨਹੀਂ ਲੱਗਦਾ । ੧ ।

(ਹੇ ਮਨ !) ਉਹ ਮਾਲਕ ਪ੍ਰਭੂ ਸਭ ਥਾਈਂ ਮੌਜੂਦ ਹੈ, ਸਦਾ (ਤੇਰੇ) ਨਾਲ ਹੈ, (ਤੈਥੋਂ) ਦੂਰ ਨਹੀਂ ਹੈ । ੨ ।

ਲੱਛਮੀ (ਭੀ) ਜਿਸ ਦੇ ਚਰਨਾਂ ਦਾ ਆਸਰਾ ਲਈ ਬੈਠੀ ਹੈ, ਹੇ ਭਾਈ ! ਦੱਸ, ਉਸ ਪ੍ਰਭੂ ਦੇ ਘਰ ਕਿਸ ਸ਼ੈ ਦੀ ਕਮੀ ਹੈ ? । ੩ ।

ਜਿਸ ਪ੍ਰਭੂ ਦੀਆਂ (ਵੱਡਿਆਈਆਂ ਦੀਆਂ) ਗੱਲਾਂ ਹਰੇਕ ਜੀਵ ਕਰ ਰਿਹਾ ਹੈ, ਉਹ ਪ੍ਰਭੂ ਸਭ ਤਾਕਤਾਂ ਦਾ ਮਾਲਕ ਹੈ, ਉਹ ਸਾਡਾ (ਸਭਨਾਂ ਦਾ) ਖਸਮ ਹੈ ਤੇ ਸਭ ਪਦਾਰਥ ਦੇਣ ਵਾਲਾ ਹੈ । ੪ ।

ਕਬੀਰ ਆਖਦਾ ਹੈ-ਸੰਸਾਰ ਵਿੱਚ ਕੇਵਲ ਉਹੀ ਮਨੁੱਖ ਗੁਣਾਂ ਵਾਲਾ ਹੈ ਜਿਸ ਦੇ ਹਿਰਦੇ ਵਿੱਚ (ਪ੍ਰਭੂ ਤੋਂ ਬਿਨਾਂ) ਕੋਈ ਹੋਰ (ਦਾਤਾ ਜਚਦਾ) ਨਹੀਂ । ੫ । ੩੮ ।

**ਸ਼ਬਦ ਦਾ ਭਾਵ :** ਪ੍ਰਭੂ ਸਭ ਜੀਵਾਂ ਨੂੰ ਪਾਲਣ ਵਾਲਾ ਹੈ, ਹਰੇਕ ਦੇ ਅੰਗ-ਸੰਗ ਹੈ, ਉਸ ਦੇ ਘਰ ਵਿਚ ਕੋਈ ਕਮੀ ਨਹੀਂ । ਉਸ ਨੂੰ ਵਿਸਾਰ ਕੇ ਕੋਈ ਹੋਰ ਆਸਰਾ ਤੱਕਣਾ ਬੜੀ ਹਾਣਤ ਵਾਲੀ ਗੱਲ ਹੈ । ੩੮ ।

### ਬਿਲਾਵਲ ਮਹਲਾ ੫,

ਭੂਲੇ ਮਾਰਗੁ ਜਿਨਹਿ ਬਤਾਇਆ ॥
ਐਸਾ ਗੁਰੁ ਵਡਭਾਗੀ ਪਾਇਆ ॥੧॥
ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥
ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ ॥੧॥ ਰਹਾਉ ॥
ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥
ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥੨॥
ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥
ਚਰਨ ਕਮਲ ਗੁਰਿ ਆਸ੍ਰਮੁ ਦੀਆ ॥੩॥
ਅਗਨਿ ਸਾਗਰ ਬੂਡਤ ਸੰਸਾਰਾ ॥
ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥੪॥

(ਪੰਨਾ ੮੦੩)

**ਅਰਥ :-** (ਹੇ ਮੇਰੇ) ਮਨ ! ਧਿਆਨ ਜੋੜ ਕੇ ਪਰਮਾਤਮਾ ਦਾ ਨਾਮ ਸਿਮਰਿਆ ਕਰ । (ਪਰ ਉਹੀ ਮਨੁੱਖ ਹਰਿ-ਨਾਮ ਸਿਮਰ ਸਕਦਾ ਹੈ, ਜਿਸ ਦੇ) ਹਿਰਦੇ ਵਿੱਚ ਪਿਆਰੇ ਗੁਰੂ ਦੇ ਚਰਨ ਵੱਸੇ ਰਹਿੰਦੇ ਹਨ (ਤਾਂ ਤੇ, ਹੇ ਮਨ ! ਤੂੰ ਭੀ ਗੁਰੂ ਦਾ ਆਸਰਾ ਲੈ) ।੧। ਰਹਾਉ ।

(ਹੇ ਮਨ !) ਇਹੋ ਜਿਹਾ ਗੁਰੂ ਵਡੇ ਭਾਗਾਂ ਨਾਲ ਹੀ ਮਿਲਦਾ ਹੈ, ਜਿਹੜਾ (ਜੀਵਨ ਦੇ ਸਹੀ ਰਸਤੇ ਤੋਂ) ਖੁੰਝੇ ਜਾ ਰਹੇ ਮਨੁੱਖ ਨੂੰ (ਜ਼ਿੰਦਗੀ ਦਾ ਸਹੀ) ਰਸਤਾ ਦੱਸ ਦੇਂਦਾ ਹੈ । ੧ ।

(ਹੇ ਮਨ ! ਵੇਖ, ਮਨੁੱਖ ਦਾ) ਮਨ (ਸਦਾ) ਕਾਮ ਵਿਚ, ਕ੍ਰੋਧ ਵਿਚ, ਲੋਭ ਵਿਚ, ਮੋਹ ਵਿਚ ਫਸਿਆ ਰਹਿੰਦਾ ਹੈ । (ਪਰ ਜਦੋਂ ਉਹ ਗੁਰੂ ਦੇ ਸਰਨ ਆਇਆ), ਗੁਰੂ ਨੇ (ਉਸ ਦੇ ਇਹ ਸਾਰੇ ਬੰਧਨ ਕੱਟ ਕੇ ਉਸ ਨੂੰ (ਇਹਨਾਂ ਵਿਕਾਰਾਂ ਤੋਂ) ਖ਼ਲਾਸੀ ਦੇ ਦਿੱਤੀ । ੨ ।

ਹੇ ਮਨ ! ਦੁੱਖ ਸੁਖ ਕਰਦਿਆਂ ਮਨੁੱਖ ਕਦੇ ਮਰਦਾ ਹੈ ਕਦੇ ਜੀਊ ਪੈਂਦਾ ਹੈ ( ਦੁੱਖ ਵਾਪਰਿਆਂ ਸਹਿਮ ਜਾਂਦਾ ਹੈ, ਸੁਖ ਮਿਲਣ ਤੇ ਸੌਖਾ ਸਾਹ ਲੈਣ ਲੱਗ ਪੈਂਦਾ ਹੈ । ਇਸ ਤਰ੍ਹਾਂ ਡੁਬਕੀਆਂ ਲੈਂਦਾ ਮਨੁੱਖ ਜਦੋਂ ਗੁਰੂ ਦੀ ਸਰਨ ਆਇਆ) ਗੁਰੂ ਨੇ ਉਸ ਨੂੰ ਪਰਮਾਤਮਾ ਦੇ ਸੋਹਣੇ ਚਰਨਾਂ ਦਾ ਆਸਰਾ ਦੇ ਦਿੱਤਾ । ੩ ।

ਹੇ ਨਾਨਕ ! ਜਗਤ ਤ੍ਰਿਸ਼ਨਾ ਦੀ ਅੱਗ ਦੇ ਸਮੁੰਦਰ ਵਿਚ ਡੁੱਬ ਰਿਹਾ ਹੈ । (ਜਿਹੜਾ ਮਨੁੱਖ ਗੁਰੂ ਦੀ ਸਰਨ ਪਿਆ) ਗੁਰੂ ਨੇ (ਉਸ ਦੀ) ਬਾਂਹ ਫੜ ਕੇ (ਉਸ ਨੂੰ ਸੰਸਾਰ-ਸਮੁੰਦਰ ਵਿਚੋਂ) ਪਾਰ ਲੰਘਾ ਦਿੱਤਾ । ।੪।੩।੮।

# ਕੀਰਤਨ ਸਮਾਚਾਰ

**ਚੰਡੀਗੜ੍ਹ :-** " ਸਿੱਖੀ ਸਰੂਪ ਦੀ ਪਹਿਚਾਣ ਅਤੇ ਸਿੱਖ ਸਭਿਆਚਾਰ ਨੂੰ ਕਾਇਮ ਰੱਖਣ ਲਈ ਸਿੱਖਾਂ ਵਿਚ ਭਾਰੀ ਚੇਤਨਤਾ ਆ ਰਹੀ ਹੈ ਅਤੇ ਇਹ ਗੁਰੂ ਦੀ ਕਲਾ ਹੀ ਵਰਤ ਰਹੀ ਹੈ । ਬੀਤੇ ਸਮੇਂ ਵਿੱਚ ਵੀ ਕਈ ਮੌਕਿਆਂ ਤੇ ਸਿੱਖੀ ਸਰੂਪ ਤਿਆਗਣ ਦਾ ਵਰਤਾਰਾ ਵਰਤਿਆ ਹੈ ਪ੍ਰੰਤੂ ਸਿੱਖ ਪੰਥ ਉਹੋ ਜਿਹੇ ਨਾਜ਼ਕ ਸਮਿਆਂ ਵਿਚੋਂ ਸੁਰਖਰੂ ਹੋ ਕੇ ਨਿਕਲਿਆ ਹੈ ਅਤੇ ਅੱਗੋਂ ਵੀ ਕਲਗੀਆਂ ਵਾਲਾ ਪਾਤਸ਼ਾਹ ਹੀ ਬਹੁੜੀ ਕਰੇਗਾ । ਇਹ ਸਨ ਸ਼ਬਦ ਜੋ ਸਿੰਘ ਸਾਹਿਬ ਪ੍ਰੋ: ਸਾਹਿਬ, ਪ੍ਰੋ: ਮਨਜੀਤ ਸਿੰਘ, ਜਥੇਦਾਰ ਅਕਾਲ ਤਖਤ ਸਾਹਿਬ ਨੇ ਖਾਲਸਾ ਕਾਲਜਾਂ ਅਤੇ ਸਕੂਲਾਂ ਦੇ ਪ੍ਰਿੰਸੀਪਲਾਂ, ਹੈਡਮਾਸਟਰਾਂ, ਪ੍ਰੋਫੈਸਰਾਂ ਅਤੇ ਸਿੱਖ ਵਿਦਵਾਨਾਂ ਨੂੰ ਸੰਬੋਧਨ ਕਰਦੇ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਦੇ ਵਿਸ਼ਾਲ ਹਾਲ ਵਿੱਚ ਭਰਵੀ ਇਕਤ੍ਰਤਾ ਵਿੱਚ ਕਹੇ ਜੋ ਇੰਸਟੀਚਿਊਟ ਆਫ ਸਿਖ ਸਟੱਡੀਜ਼, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਅਤੇ ਗੁਰੂ ਗੋਬਿੰਦ ਸਿੰਘ ਕਾਲਜ ਦੇ ਮੈਨੇਜਮੈਂਟ ਨੇ ਸਾਂਝੇ ਤੌਰ ਤੇ 5 ਫਰਵਰੀ ਨੂੰ ਬੁਲਾਈ ਸੀ ਜਿਸ ਦਾ ਮੁੱਖ ਵਿਸ਼ਾ ਖਾਲਸਾ ਕਾਲਜ਼ਾਂ ਅਤੇ ਸਕੂਲਾਂ ਦੇ ਵਿਦਿਆਰਥੀਆਂ ਵਿੱਚ ਕੇਸ ਕਤਲ ਕਰਵਾਉਣ ਲਈ ਵੱਧ ਰਹੀ ਵਬਾ ਨੂੰ ਰੋਕਣ ਦੇ ਉਪਰਾਲੇ ਸੋਚਣਾ ਸੀ । ਸਿੰਘ ਸਾਹਿਬ ਨੇ ਸਿੱਖ ਨੂੰ ਅਕਾਲ ਤਖਤ ਸਾਹਿਬ ਨਾਲ ਜੁੜਨ ਦੀ ਅਪੀਲ ਕਰਦੇ ਕਿਹਾ ਕਿ ਇਸ ਤਰ੍ਹਾਂ ਸਿਖ ਸ਼ਕਤੀ ਵਧੇਗੀ ਅਤੇ ਪੰਥ ਭਵਿੱਖ ਵਿਚ ਆਉਣ ਵਾਲੀਆਂ ਚੁਣੌਤੀਆਂ ਦਾ ਸਫਲਤਾ ਸਹਿਤ ਮੁਕਾਬਲਾ ਕਰ ਸਕੇਗਾ ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੈਕਟਰੀ ਸ: ਮਨਜੀਤ ਸਿੰਘ ਕਲਕੱਤਾ ਨੇ ਪ੍ਰਭਾਵਸ਼ਾਲੀ ਅਤੇ ਵਿਦਵਤਾ ਭਰਪੂਰ ਵਖਿਆਨ ਦੁਆਰਾ ਇਕਤ੍ਰਤਾ ਦਾ ਆਰੰਭ ਕਰਦੇ ਹੋਏ ਗੁਰਦਵਾਰਿਆਂ ਵਿਚ ਸਿਖੀ ਮਰਿਆਦਾ ਅਨੁਸਾਰ ਗੁਰਬਾਣੀ ਦਾ ਕੀਰਤਨ, ਕਥਾ ਅਤੇ ਵਖਿਆਨ ਕਰਨ ਉਤੇ ਜ਼ੋਰ ਦੇਂਦੇ ਹੋਏ ਕਿਹਾ ਕਿ ਹਰ ਗੁਰਦੁਆਰੇ ਵਿਚ ਸਵੇਰੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਹੋਣਾ ਚਾਹੀਦਾ ਹੈ । ਇਸ ਦਾ ਹੋਰ ਕੋਈ ਬਦਲ ਨਹੀਂ । ਗੁਰਬਾਣੀ ਸਭ ਪਵਿੱਤਰ ਹੈ ਪ੍ਰੰਤੂ ਉਸ ਦਾ ਗਾਇਨ ਅਤੇ ਪੜ੍ਹਨਾ ਮਰਿਯਾਦਾ ਅਨੁਸਾਰ ਢੁਕਦਾ ਹੈ । ਆਪ ਨੇ ਪ੍ਰਬੰਧਕਾ ਨੂੰ ਇਹ ਲਹਿਰ ਹੋਰ ਪ੍ਰਚੰਡ ਕਰਨ ਲਈ ਸ਼੍ਰੋਮਣੀ ਕਮੇਟੀ ਵਲੋਂ ਹਰ ਕਿਸਮ ਦੀ ਸਹਾਇਤਾ ਦਾ ਭਰੋਸਾ ਦਿਵਾਇਆ ।

ਇਸ ਮੌਕੇ ਤੇ ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਬੋਲਦਿਆਂ ਕਿਹਾ ਕਿ ਪਤਿਤਪੁਣੇ ਵਿਰੁੱਧ ਅਜਿਹੀ ਇਕੱਤਰਤਾ ਨੂੰ ਅਸ਼ੀਰਵਾਦ ਤਾਂ ਮਹਾਂਪੁਰਸ਼ ਹੀ ਦਿਆ ਕਰਦੇ ਹਨ ਪ੍ਰੰਤੂ ਉਹ ਸ਼੍ਰੋਮਣੀ ਕਮੇਟੀ ਵਲੋਂ ਹਰ ਕਿਸਮ ਦੀ ਸਹਾਇਤਾ ਦਾ ਭਰੋਸਾ ਦਿਵਾਉਂਦੇ ਹਨ । ਹੋਰਨਾ ਤੋਂ ਇਲਾਵਾ ਇਕੱਤਰਤਾ ਨੂੰ ਡਾ: ਖੜਕ ਸਿੰਘ ਮਾਨ, ਗਿਆਨੀ ਬਚਿੱਤਰ ਸਿੰਘ ਐਡਵੋਕੇਟ, ਪ੍ਰਿੰਸੀਪਲ ਪਾਲ ਸਿੰਘ ਸੰਘਾ, ਪ੍ਰਿੰਸੀਪਲ ਜਸਵੰਤ ਸਿੰਘ, ਸ: ਅਮਰਜੀਤ ਸਿੰਘ ਅਤੇ ਪ੍ਰਿੰਸੀਪਲ ਸੁਰਜੀਤ ਸਿੰਘ ਨੇ ਸੰਬੋਧਨ ਕੀਤਾ ।

ਪਤਿਤਪੁਣੇ ਦੇ ਖਿਲਾਫ ਇਸ ਲਹਿਰ ਨੂੰ ਹੋਰ ਮਜ਼ਬੂਤ ਕਰਨ ਲਈ ਕੈਂਪਾਂ ਅਤੇ ਪ੍ਰਚਾਰ ਸਾਧਨਾਂ ਰਾਹੀਂ ਜਥੇਦਾਰ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਇੱਕ ਸਟੀਅਰਿੰਗ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਸ ਦੇ ਪੈਟਰਨ ਸ: ਮਨਜੀਤ ਸਿੰਘ ਕਲਕੱਤਾ ਅਤੇ ਕਨਵੀਨਰ ਡਾ: ਖੜਕ ਸਿੰਘ ਮਾਨ ਥਾਪੇ ਗਏ ।

ਸਿਖੀ ਪਹਿਚਾਣ ਬਾਰੇ ਸਿਖ ਜਗਤ ਵਿਚ ਜਾਗਰਤ ਪੈਦਾ ਕਰਨ ਲਈ ਮਾਰਚ ਮਹੀਨੇ ਚੰਡੀਗੜ੍ਹ ਵਿਚ ਸਭ ਸਿਖ ਸੰਸਥਾਵਾਂ ਦੀ ਸਾਂਝੀ ਕਾਨਫਰੰਸ ਕਰਨ ਦਾ ਫੈਸਲਾ ਕੀਤਾ ਗਿਆ । ਸਰਵਸੰਮਤੀ ਨਾਲ ਪਾਸ ਕੀਤੇ ਗਏ ਮਤੇ ਦੁਆਰਾ ਸਿਖ ਨੌਜੁਆਨਾਂ ਵਿਚ ਪਤਿਤਪੁਣੇ ਦੇ ਵੱਧ ਰਹੇ ਰੁਝਾਨ ਉਤੇ ਚਿੰਤਾ ਪ੍ਰਗਟ ਕਰਦੇ ਹੋਏ ਮਾਪਿਆਂ, ਅਧਿਆਪਕਾਂ, ਸਿਖ ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ ਅਤੇ ਪੰਥਕ ਜਥੇਬੰਦੀਆਂ ਨੂੰ ਜਿੰਮੇਵਾਰ ਠਹਿਰਾਉਂਦੇ ਹੋਏ ਸਿਖੀ ਦੇ ਮਹਾਨ ਅਸੂਲਾਂ ਨੂੰ ਕਾਇਮ ਰੱਖਣ ਲਈ ਖਾਲਸਾ ਕਾਲਜਾਂ ਅਤੇ ਸਕੂਲਾਂ ਵਿਚ ਕੈਂਪ ਲਗਾ ਕੇ ਜ਼ੋਰਦਾਰ ਪ੍ਰਚਾਰ ਕਰਨ ਦਾ ਫੈਸਲਾ ਕੀਤਾ ਗਿਆ ।

**ਮਲੋਟ** : ਮਲੋਟ ਤੋਂ ਪ੍ਰੋ: ਮੰਗਤ ਸਿੰਘ ਮਸਤਾਨਾ ਜੀ ਖਬਰ ਦਿੰਦੇ ਹਨ ਕਿ 13-2-96 ਨੂੰ ਗੁਰਮਤ ਸਮਾਗਮ ਹੋਇਆ । ਇਸ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ ਉਪਰੰਤ ਕੀਰਤਨ ਦਰਬਾਰ ਹੋਇਆ । ਇਸ ਕੀਰਤਨ ਦਰਬਾਰ ਵਿੱਚ ਸੰਤ ਭਾਈ ਧਰਮ ਸਿੰਘ, ਗੁਰਦੁਆਰਾ ਭਾਈ ਜਗਤਾ ਜੀ ਅਤੇ ਪ੍ਰੋ: ਮੰਗਤ ਸਿੰਘ ਮਸਤਾਨਾ ਨੇ ਕੀਰਤਨ ਕੀਤਾ । ਕਾਕਾ ਸਤਿੰਦਰਪਾਲ ਸਿੰਘ, ਗਿ: ਮਹਿੰਦਰ ਸਿੰਘ ਅਤੇ ਸੰਤ ਸੁਖਦੇਵ ਜੀ ਨੇ ਗੁਰਮਤ ਵਿਚਾਰਾਂ ਬਿਆਨ ਕੀਤੀਆਂ ।

**ਲੁਧਿਆਣਾ** : ਸਾਡੇ ਦਫਤਰ ਵਿੱਚ ਪੁਜੇ ਇਸ਼ਤਿਹਾਰ ਅਨੁਸਾਰ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ (ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ) ਵਲੋਂ ਪ੍ਰਸਿੱਧ ਤਬਲਾ ਵਾਦਕ, ਭਾਈ ਦਲੀਪ ਸਿੰਘ ਜੀ ਦੀ ਯਾਦ ਵਿੱਚ ਦੂਸਰੀ ਤਬਲਾ ਵਾਦਕ ਪ੍ਰਤੀਯੋਗਤਾ 24 ਫਰਵਰੀ 1996 ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ ਵਿਖੇ ਕਰਵਾਈ ਗਈ । ਇਸ ਪ੍ਰਤੀਯੋਗਤਾ ਵਿਚ 16 ਸਾਲ ਦੀ ਉਮਰ ਤਕ ਦੇ ਵਿਦਿਆਰਥੀ ਸ਼ਾਮਲ ਹੋਏ । ਇਸ ਵਿਚ ਤਬਲਾ ਵਜਾਉਣ ਲਈ ਸਮਾਂ 4 ਤੋਂ 6 ਮਿੰਟ ਅਤੇ ਦਾਦਰਾ ਤੇ ਕਹਿਰਵਾ ਨੂੰ ਛੱਡ ਕੇ ਕੋਈ ਵੀ ਤਾਲ ਵਜਾਈ ਜਾ ਸਕਦੀ ਸੀ । ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਆਉਣ ਵਾਲੇ ਪ੍ਰਤੀਯੋਗੀਆਂ ਨੂੰ ਇਨਾਮ ਦਿੱਤੇ ਗਏ ।